1

# ਈਮਾਨਦਾਰੀ ਨਾਲ ਖ਼ੁਦਾ ਦਾ ਵਚਨ ਸੁਣਾਉਣਾ (1 ਤਿਮੋਥਿਉਸ 1)

*''ਜਿਵੇਂ ਮੈਂ ਮਕਦੂਨੀਆ ਨੂੰ ਜਾਂਦਿਆਂ ਤੈਨੂੰ ਤਗੀਦ ਕੀਤੀ ਸੀ ਭਈ ਤੂੰ ਅਫ਼ਸੁਸ ਵਿਚ ਰਹੀਂ, ਤਿਵੇਂ ਹੁਣ ਵੀ ਕਰਦਾ ਹਾਂ ਭਈ ਤੂੰ ਕਈਆਂ ਨੂੰ ਹੁਕਮ ਕਰੀਂ ਜੋ ਹੋਰ ਤਰ੍ਹਾਂ ਦੀ ਸਿੱਖਿਆ ਨਾ ਦੇਣ। . . .'' (1 ਤਿਮੋਥਿਉਸ 1:3, 4)।*

ਪੌਲੁਸ ਨੇ ਤਿਮੋਥਿਉਸ ਨੂੰ ਖ਼ੁਦਾ ਦੇ ਵਚਨ, ਭਾਵ ਇਸ ਦੇ ਦੇਣ ਵਾਲੇ, ਇਸ ਦੇ ਕਾਫ਼ੀ ਹੋਣ ਅਤੇ ਬਚਾਉਣ ਲਈ ਇਸ ਦੀ ਸ਼ਕਤੀ ਬਾਰੇ ਲਿਖਿਆ। ਉਹ ਚਾਹੁੰਦਾ ਸੀ ਕਿ ਤਿਮੋਥਿਉਸ ਖਰੀ ਸਿੱਖਿਆ ਦੀ ਅਹਿਮੀਅਤ ਨੂੰ ਸਮਝ ਲਵੇ (1:3-7) ਅਤੇ ਵਚਨ ਦੀ ਕਿਸੇ ਵੀ ਹੋਰ ਤਰ੍ਹਾਂ ਦੀ ਗ਼ਲਤ ਵਰਤੋਂ ਨੂੰ ਪਛਾਣ ਕੇ ਇਸ ਨੂੰ ਚੁਣੌਤੀ ਦੇਣ ਦੇ ਯੋਗ ਹੋ ਜਾਵੇ (1:7-11)। ਉਹਨੇ ਪਾਪੀਆਂ ਨੂੰ ਛੁਡਾਉਣ ਲਈ ਖ਼ੁਦਾ ਦੇ ਉਪਾਅ ਬਾਰੇ ਲਿਖਿਆ (1:12-17) ਅਤੇ ਜ਼ੋਰ ਦਿੱਤਾ ਕਿ ਖ਼ੁਦਾ ਸਾਡੇ ਵਿੱਚੋਂ ਹਰ ਕਿਸੇ ਤੋਂ ਫ਼ੈਸਲਾ ਲੈਣ ਦੀ ਮੰਗ ਕਰਦਾ ਹੈ (1:18-20)।

## ਪਾਠ 1: ਖਰੀ ਸਿੱਖਿਆ ਦੀ ਅਹਿਮੀਅਤ (1:3-7)

### ਖ਼ੁਦਾ ਦੇ ਵਚਨ ਦੀ ਦੁਰਵਰਤੋਂ ਹੋਈ ( ਆਇਤਾਂ 3, 4 )

ਉਨ੍ਹਾਂ ਦੇ ਆਲੇ ਦੁਆਲੇ ਦੇ ਲੋਕਾਂ ਵੱਲੋਂ ਬੇਸ਼ਕੀਮਤੀ ਇੰਜੀਲ ਦੀ ਦੁਰਵਰਤੋਂ ਕਰਨ ਕਰਕੇ ਹੈਰਾਨੀ ਦੀ ਗੱਲ ਨਹੀਂ ਕਿ ਪੌਲੁਸ ਨੇ ਤਿਮੋਥਿਉਸ ਨੂੰ ਇਹ ਪੱਕਾ ਕਰਨ ਦਾ ਹੁਕਮ ਦਿੱਤਾ ਕਿ ਹੋਰ ਕਈਆਂ ਵਾਂਗ ਉਹ ਖ਼ੁਦਾ ਦੇ ਵਚਨ ਨੂੰ ਨਾ ਛੱਡੇ (1:18-20)। ਮਸੀਹ ਦਾ ਰਸੂਲ ਹੋਣ ਕਰਕੇ ਪੌਲੁਸ ਨੂੰ ਤਿਮੋਥਿਉਸ ਨੂੰ ਅਜਿਹਾ ਹੁਕਮ ਦੇਣ ਦਾ ਹੱਕ ਸੀ।[1] ਉਸ ਇੰਜੀਲ ਨੂੰ ਸਿਖਾਉਣ ਲਈ ਜਿਸ ਨਾਲ ਅਸੀਂ ਆਪਣੇ ਪਿਛਲੇ ਪਾਪਾਂ ਤੋਂ ਛੁਡਾਏ ਜਾਣਾ ਸੀ (ਰੋਮੀਆਂ 3:23; ਅਫ਼ਸੀਆਂ 2:1-6) ਪੌਲੁਸ ਨੂੰ ''ਸਾਡੇ ਮੁਕਤੀਦਾਤਾ ਪਰਮੇਸ਼ੁਰ ਅਤੇ ਸਾਡੀ ਆਸ ਮਸੀਹ ਯਿਸੂ ਦੀ ਆਗਿਆ ਅਨੁਸਾਰ'' (1:1) ਚੁਣਿਆ ਗਿਆ ਸੀ। ਉਹਦੀ ਸਿੱਖਿਆ ਨਾਲ ਸਾਡੇ ਲਈ ਉੱਜਲ ਭਵਿੱਖ ਦਾ ਰਾਹ ਖੁੱਲ੍ਹਣਾ ਸੀ (ਕੁਲੁੱਸੀਆਂ 1:24-28)।

ਆਇਤ 2 ਮੁਤਾਬਕ, ਨਿਹਚਾ ਵਿਚ ਸੱਚਾ ਪੁੱਤਰ ਹੋਣ ਕਰਕੇ ਤਿਮੋਥਿਉਸ ਨੂੰ ਤਿੰਨ ਇਲਾਹੀ ਫ਼ਾਇਦੇ ਮਿਲੇ ਸਨ: (1) ਉਸ ਸੇਵਾ ਦੀ ਅਹਿਮੀਅਤ ਨੂੰ ਜਾਣਨ ਵਿਚ ਸ਼ਕਤੀਸ਼ਾਲੀ ਹੋਣ ਲਈ ਉਸ ਨੂੰ ''ਕਿਰਪਾ'' ਦਿੱਤੀ ਗਈ ਸੀ (2 ਤਿਮੋਥਿਉਸ 2:1), ਤਾਂ ਜੋ ਉਹ ਆਪਣੀ ਤਾਕਤ ਨਾਲੋਂ ਵੱਧ ਸੇਵਾ ਦੇ ਸਕੇ।[2] (2) ਉਸ ਨੂੰ ਆਪਣੇ ਕੰਮ ਵਿਚ ਲੱਗੇ ਹੋਣ ਤੇ ਜ਼ਿੰਮੇਵਾਰੀਆਂ ਨਿਭਾਉਂਦਿਆਂ ਆਪਣੀਆਂ ਗਲਤੀਆਂ ਦਾ ਸਾਹਮਣਾ ਕਰਨ ਲਈ ''ਦਿਆ''[3] ਦਾ ਦਾਨ ਦਿੱਤਾ ਗਿਆ ਸੀ (ਇਬਰਾਨੀਆਂ 4:16; ਅਫ਼ਸੀਆਂ 2:4-9)। (3) ਉਸ ਨੂੰ ''ਸ਼ਾਂਤੀ ਭਾਵ ਮਨ ਦੀ ਮਜ਼ਬੂਤੀ ਦਿੱਤੀ ਗਈ ਸੀ ਜਿਸ ਨਾਲ ਆਦਮੀ ਬਾਹਰ ਦੇ ਕਿਸੇ ਵੀ ਹਾਲਾਤ ਦਾ

ਮੁਕਾਬਲਾ ਕਰਦਿਆਂ ਵਿਸ਼ਵਾਸ ਵਿਚ ਮਜ਼ਬੂਤ ਰਹਿ ਸਕਦਾ ਹੈ। ਇਕ ਕੈਦੀ ਦੇ ਰੂਪ ਵਿਚ, ਪੌਲੁਸ ਨੂੰ ਵਿਖਾਇਆ ਕਿ ਇਕ ਪ੍ਰਚਾਰਕ ਫ਼ਿਕਰ ਤੇ ਕਿਵੇਂ ਕਾਬੂ ਪਾ ਸਕਦਾ ਹੈ (ਵੇਖੋ ਫ਼ਿਲਿੱਪੀਆਂ 4:4-7)।[4] ਇਨ੍ਹਾਂ ਤਿੰਨ ਫ਼ਾਇਦਿਆਂ ਤੇ ਵਿਚਾਰ ਕਰੋ ਜੋ ਪੌਲੁਸ ਨੇ ਤਿਮੋਥਿਉਸ ਨੂੰ ਦੱਸੇ ਸਨ। ਸੱਚਮੁੱਚ ਖ਼ੁਦਾ ਦੇ ਵਚਨ ਨੂੰ ਜਿਹੜਾ ਉਸ ਨੇ ਇਸ ਇਵੈਂਜਲਿਸਟ ਨੂੰ ਦਿੱਤਾ ਸੀ, ਮਸੀਹੀ ਲੋਕਾਂ ਦੇ ਅੱਗੇ ਆਉਣ ਵਾਲੀਆਂ ਘਟਨਾਵਾਂ ਅਤੇ ਅਨੁਭਵਾਂ ਵਿਚ ਲਾਗੂ ਕਰਨ ਤੇ ਜ਼ਿੰਦਗੀ ਨੂੰ ਬਦਲ ਦੇਣ ਦੀ ਸਮਰਥਾ ਹੈ।

ਜਦ ਪਵਿੱਤਰ ਲਿਖਤ ਦੀ ਦੁਰਵਰਤੋਂ ਹੁੰਦੀ ਹੈ, ਤਾਂ ਇਵੈਂਜਲਿਸਟ ਲਈ ਚੌਕਸ ਹੋਣਾ ਜ਼ਰੂਰੀ ਹੈ ਕਿ ਉਹ ਇਸ ਦੀ ਦੁਰਵਰਤੋਂ ਕਰਨ ਵਾਲਿਆਂ ਨੂੰ ਹੁਕਮ ਦੇਵੇ[5] ਕਿ ''ਹੋਰ ਤਰ੍ਹਾਂ ਦੀ ਸਿੱਖਿਆ ਨਾ ਦੇਣ'' (1:3)।

''ਹੋਰ ਤਰ੍ਹਾਂ ਦੀ ਸਿੱਖਿਆ'' ਕੋਈ ਕਥਾ ਕਹਾਣੀ[6] ਹੋ ਸਕਦੀ ਹੈ ਜਿਸ ਨੂੰ ਸੁਣਨ ਵਾਲਿਆਂ ਦੀ ਇੱਛਾ ਕਰਕੇ ਸੱਚਾਈ ਮੰਨ ਲਿਆ ਗਿਆ ਹੋਵੇ (2 ਤਿਮੋਥਿਉਸ 4:3, 4)। ਅਜਿਹਾ ਢੰਗ ਪੌਲੁਸ ਅਤੇ ਤਿਮੋਥਿਉਸ ਦੇ ਵਕਤ ਦੇ ਯਹੂਦੀਆਂ ਵਿਚ ਇਕ ਦਿੱਕਤ ਸੀ, ਪਰ ਇਸ ਦਾ ਸਬੰਧ ਕਿਸੇ ਵੀ ਅਜਿਹੀ ਗੱਲ ਨਾਲ ਜੋੜਿਆ ਜਾ ਸਕਦਾ ਹੈ ਜਿਸ ਦੀ ਮੰਗ ਉਹ ਲੋਕ ਕਰਦੇ ਹਨ ਜੋ ''ਸਚਿਆਈ ਤੋਂ ਫਿਰ ਜਾਂਦੇ ਹਨ'' (ਤੀਤੁਸ 1:14)। ''ਬੇਓੜਕ ਕੁਲਪੱਤਰੀਆਂ,'' ਇਹ ''ਜੋ ਅਸੀਂ ਕਰਦੇ ਆਏ ਹਾਂ''। ਹੋ ਸਕਦਾ ਹੈ। ਪੌਲੁਸ ਦੇ ਸਮੇਂ ਵਿਚ ਗ਼ੈਰ ਕੌਮਾਂ ਦੇ ਖ਼ਿਲਾਫ਼ ਮੁਤਅੱਸਬ ਦਾ ਕਾਰਣ ਬਣਨ ਵਾਲਾ ਯਹੂਦੀ ਧਰਮ ਅਤੇ ਕੌਮੀ ਫ਼ਖ਼ਰ ਨੂੰ ਹੱਲਾਸ਼ੇਰੀ ਦੇਣ ਵਾਲਾ ਯਹੂਦੀ ਇਤਿਹਾਸ (ਵੇਖੋ ਮੱਤੀ 3:1, 7-10; ਰਸੂਲਾਂ ਦੇ ਕੰਮ 15:1-31; ਮਰਕੁਸ 7:8-13)। ਇਸ ਮੁਸ਼ਕਿਲ ਕਰਕੇ, ''ਸ਼ਰ੍ਹਾ ਬਾਰੇ ਝਗੜੇ'' (ਤੀਤੁਸ 3:9-11) ਹੋਣੇ ਸ਼ੁਰੂ ਹੋ ਗਏ ਸਨ।

ਝਗੜੇ ''ਪਰਮੇਸ਼ੁਰ ਦੇ ਉਸ ਪ੍ਰਬੰਧ ਨੂੰ ਨਹੀਂ ਜਿਹੜਾ ਨਿਹਚਾ ਉੱਤੇ ਬਣਿਆ ਹੋਇਆ ਹੈ ਪਰ ਸਵਾਲਾਂ ਨੂੰ ਤਰੱਕੀ'' ਦਿੰਦੇ ਹਨ (ਆਇਤ 4; ਵੇਖੋ 6:4, 20; 2 ਤਿਮੋਥਿਉਸ 2:16, 23; 4:4; ਗਲਾਤੀਆਂ 2:11-3:9)। ''ਸਵਾਲਾਂ''[7] ਨਾਲ ਡੂੰਘੀ ਪੁੱਛ ਗਿੱਛ ਤੇ ਲੜਾਈ ਹੋ ਸਕਦੀ ਹੈ ਪਰ ਕੋਈ *ਭਲਿਆਈ ਨਹੀਂ* ਹੋ ਸਕਦੀ! ਅਜਿਹੇ ਕੰਮਾਂ ਦੇ ਹੈਰਾਨ ਕਰਨ ਵਾਲੇ ਦੋ ਨਮੂਨੇ ਮਰਕੁਸ 14:53-59 ਦੇ ਨਾਲ ਰਸੂਲਾਂ ਦੇ ਕੰਮ 6:8-14 ਅਤੇ ਮਰਕੁਸ 15:22-24 ਨਾਲ ਰਸੂਲਾਂ ਦੇ ਕੰਮ 7:57-60 ਨੂੰ ਮਿਲਾਉਣ ਤੇ ਮਿਲ ਸਕਦੇ ਹਨ। ਇਕ ਸਵਾਲ ਦਾ ਅੰਤ ਮਸੀਹ ਨੂੰ ਸਲੀਬ ਦੇਣ ਨਾਲ ਹੋਇਆ ਅਤੇ ਦੂਜੇ ਦਾ ਨਤੀਜਾ ਇਸਤੀਫ਼ਾਨ ਨੂੰ ਪਥਰਾਅ ਕਰਕੇ ਮਾਰ ਦੇਣ ਦੇ ਰੂਪ ਵਿਚ ਹੋਇਆ! ਇਸ ਕਰਕੇ ਬਹੁਤਿਆਂ ਦੀ ਰੂਹਾਨੀ ਮੌਤ ਹੋਈ ਹੈ (ਮੱਤੀ 7:20)। ਖ਼ੁਦਾ ਹਰ ਇਵੈਂਜਲਿਸਟ ਨੂੰ ਖ਼ਤਰਨਾਕ ਝਗੜਿਆਂ ਵਿਚ ਜਿੱਤ ਪਾਉਣ ਵਿਚ ਮਦਦ ਲਈ ਅਕਲ ਦੇਵੇ।

## ਖ਼ੁਦਾ ਦੇ ਵਚਨ ਦੀ ਵਰਤੋਂ (ਆਇਤ 5)

ਖ਼ੁਦਾ ਦੀ ਸਿੱਖਿਆ ਨਾਲ ਸਾਡੀ ਸੋਚ ਨੂੰ ਮਨੁੱਖ ਦੀ ਮੂਰਖਤਾ ਨਾਲ ਨਹੀਂ ਬਲਕਿ ਖ਼ੁਦਾ ਦੇ ਇੰਤਜ਼ਾਮ ਜਾਂ ''ਕਾਲ''[8] (ASV) ਵਿਚ ਲਾਏ ਜਾਣ ਨਾਲ ਲੋਕ ਖ਼ੂਬਸੂਰਤ ਅਤੇ ਇਵੈਂਜਲਿਸਟ ਬਣਦੇ ਹਨ। ਇਹ ਵਧੀਆ ਸੋਚ ਪੌਲੁਸ ਵੱਲੋਂ ਦਿੱਤੇ ਪੰਜ ਗੁਣੀ ਸੁਭਾਅ ਦੇ ਵਿਸ਼ਲੇਸ਼ਣ ਨਾਲ ਹਕੀਕਤ ਵਿਚ ਨਿੱਖਰਦੀ ਹੈ:

(1) ਉਸ ਦੀ ਸੋਚ ''ਵਿਸ਼ਵਾਸ ਉੱਪਰ'' ਅਧਾਰਿਤ ਹੁੰਦੀ ਹੈ।[9] ਵਿਸ਼ਵਾਸ ਅਜਿਹੀ ਚੀਜ਼

ਹੈ ਜਿਸ ਵਿਚ ਅਤੇ ਜਿਸ ਦੇ ਰਾਹੀਂ ਆਦਮੀ ਸੇਵਾ ਕਰਦਾ ਹੈ (ਵੇਖੋ 2 ਕੁਰਿੰਥੀਆਂ 5:7; ਰਸੂਲਾਂ ਦੇ ਕੰਮ 6:7)।

(2) ਉਹਦੀ ਸੋਚ ਪਿਆਰ ਨਾਲ ਪ੍ਰੇਰਿਤ ਅਤੇ ਪ੍ਰਭਾਵਿਤ ਹੁੰਦੀ ਹੈ (1 ਯੂਹੰਨਾ 4:19; 2 ਕੁਰਿੰਥੀਆਂ 5:14, 15; ਯੂਹੰਨਾ 13:34, 35; 1 ਪਤਰਸ 1:22)।

(3) ਉਹਦੀ ਸੋਚ ਸ਼ੁੱਧ ਮਨ ਵਿੱਚੋਂ ਨਿਕਲਦੀ ਹੈ (ਵੇਖੋ ਤੀਤੁਸ 1:15, 16; 1 ਯੂਹੰਨਾ 3:3)। ਇਸ ਨਾਲ ਪ੍ਰਚਾਰਕਾਂ ਵਿਚ ਕਿਸੇ ਵੀ ਤਰ੍ਹਾਂ ਦੇ ਲੋਭ, ਸ਼ਕਤੀ ਪਾਉਣ ਦੀ ਇੱਛਾ ਅਤੇ ਈਰਖਾ ਭਰਿਆ ਸਲੂਕ ਹਮੇਸ਼ਾ ਲਈ ਖ਼ਤਮ ਹੋ ਜਾਵੇਗਾ।

(4) ਉਸ ਦੀ ਸੋਚ ਸ਼ੁੱਧ ਅੰਤਹਕਰਣ ਵਿੱਚੋਂ ਨਿਕਲਦੀ ਹੈ (ਰਸੂਲਾਂ ਦੇ ਕੰਮ 23:1)। ਪੌਲੁਸ ਇਸ ਗੱਲ ਦਾ ਸਬੂਤ ਹੈ ਕਿ ਖ਼ੁਦਾ ਸ਼ੁੱਧ ਅੰਤਹਕਰਣ ਨਾਲ ਉਸ ਕੋਲ ਆਉਣ ਵਾਲੇ ਲੋਕਾਂ ਰਾਹੀਂ ਕਿੰਨੇ ਵੱਡੇ-ਵੱਡੇ ਕੰਮ ਕਰ ਸਕਦਾ ਹੈ।

(5) ਉਹਦੀ ਸੋਚ ਨਿਹਕਲੰਕ ਵਿਸ਼ਵਾਸ ਦੇ ਰੂਪ ਵਿਚ ਜਾਣੀ ਜਾਂਦੀ ਹੈ (2 ਤਿਮੋਥਿਉਸ 1:5; ਯਾਕੂਬ 2:17)। ਬੇਸ਼ੱਕ ਵਿਸ਼ਵਾਸ ਉਹ ਵਸੀਲਾ ਜਾਂ ਅਧਾਰ ਹੈ ਜਿਸ ਤੇ ਸੁਭਾਅ ਬਣਦਾ ਹੈ, ਪਰ ਵਿਸ਼ਵਾਸ ਉਹ ਨਿੱਜੀ ਆਤਮ ਵਿਸ਼ਵਾਸ ਵੀ ਹੈ ਜੋ ਵਿਸ਼ਵਾਸ ਕਰਨ ਨਾਲ ਹੀ ਆਉਂਦਾ ਹੈ। ਇਸ ਵਿਚ ਕਿਸੇ ਝੂਠੀ ਸਿੱਖਿਆ ਨੂੰ ਵਧਾਉਣ ਦਾ ਵਿਖਾਵਾ ਜਾਂ ਪਖੰਡ ਕਰਨ ਦੀ ਗੱਲ ਨਹੀਂ ਹੈ ਜਿਸ ਨਾਲ ਕੋਈ ਧੋਖੇ ਵਿਚ ਆ ਜਾਵੇ ਅਤੇ ਲੋਕ ਨਿਰਾਸ਼ ਹੋ ਜਾਣ। ਵਿਸ਼ਵਾਸ ਮਸੀਹ ਦੇ ਨੇਮ ਨੂੰ (ਖ਼ਿਆਲੀ ਕਹਾਣੀਆਂ ਨਹੀਂ) ਸੁਣਨ ਨਾਲ ਆਉਂਦਾ ਹੈ ਤਾਂ ਇਸ ਵਿਚ ਬਣੇ ਰਹਿਣਾ ਕਿੰਨੀ ਚੰਗੀ ਗੱਲ ਹੈ (ਰੋਮੀਆਂ 10:15-17)!

## ਖ਼ੁਦਾ ਦੇ ਵਚਨ ਦੀ ਗ਼ਲਤ ਵਰਤੋਂ ਕਰਨਾ (ਆਇਤਾਂ 6, 7)

ਕਈ ਵਾਰ ਨਾਪਸੰਦ ਕੀਤੇ ਜਾਣ ਵਾਲੇ, ਗੁਮਰਾਹ ਉਸਤਾਦ ਖ਼ੁਦਾ ਦੇ ਵਚਨ ਦੀ ਗ਼ਲਤ ਵਰਤੋਂ ਕਰਦੇ ਹਨ। ਇਹ ''ਖੁੰਝ ਗਏ'' ਲੋਕ ਹਨ।[10] ਹੋ ਸਕਦਾ ਹੈ ਕਿ ਕੋਈ ਬਾਈਬਲ ਦਾ ਅਧਿਐਨ ਕਰਦਾ ਰਹਿਣ ਦੇ ਬਾਵਜੂਦ ਮੁਕਤੀਦਾਤੇ ਨੂੰ ਨਾ ਪਾ ਸਕੇ (ਵੇਖੋ ਯੂਹੰਨਾ 5:39, 40)। ਮਸੀਹ ਵਿਚ ਹੋਣ ਵਾਲੇ ਲੋਕਾਂ ਨੂੰ ਅਜੇ ਵੀ ਆਪਣੇ ਆਪ ਨੂੰ ਇਹ ਪਰਖਣ ਦੀ ਲੋੜ ਹੈ ਕਿ ਕੀ ਉਹ ''ਵਿਸ਼ਵਾਸ ਵਿਚ'' ਹਨ ਜਾਂ ਨਹੀਂ (2 ਕੁਰਿੰਥੀਆਂ 13:5)। ਇਸ ਸੰਦਰਭ ਵਿਚ ਇਹ ਭਟਕਣਾ ਤਦੇ ਹੁੰਦਾ ਹੈ ਜਦ ਕੋਈ ਸ਼ੁੱਧ ਮਨ ਨਾਲ ਖ਼ੁਦਾ ਦੇ ਲੋਕਾਂ ਨਾਲ ਪਿਆਰ ਕਰਦਾ ਅਤੇ ਸ਼ੁੱਧ ਅੰਤਹਕਰਨ ਨੂੰ ਆਪਣੇ ਵਿਸ਼ਵਾਸ ਨਾਲ ਦਗ਼ਾ ਕਰਨ ਲਗਦਾ ਹੈ (1:5, 6)।

ਮਸੀਹੀ ਲੋਕਾਂ ਦੇ ''ਬਕਵਾਸ ਦੀ ਵੱਲ ਪਰਤ''[11] ਜਾਣ ਕਰਕੇ ਯਕੀਨਨ ਹੀ ਮੁਸੀਬਤ ਸਾਹਮਣੇ ਹੁੰਦੀ ਹੈ। ਤੀਤੁਸ 1:10 ਜਿਹੋ ਜਿਹੇ ਆਦਮੀ ਦਾ ਜ਼ਿਕਰ ਹੈ ਉਸ ਨੂੰ ਰੋਬਿਨਸਨ ਨੇ ''ਫ਼ਜ਼ੂਲ ਬਹਿਸ ਕਰਨ ਵਾਲਾ''[12] ਅਤੇ ਥੇਅਰ ਨੇ ''ਫ਼ਜ਼ੂਲ ਗੱਲਾਂ ਕਰਨ ਵਾਲਾ, ਜੋ ਬੇਕਾਰ, **ਬੇਥਹੀਆਂ** ਗੱਲਾਂ ਕਰਦਾ ਹੈ'' ਕਿਹਾ ਹੈ।[13] ਅਜਿਹੀਆਂ ਗੱਲਾਂ ਜਿਨ੍ਹਾਂ ਨੂੰ ਗੋਲ-ਮੋਲ ਢੰਗ ਨਾਲ ਬਾਈਬਲ ਨਾਲ ਜੋੜਿਆ ਜਾਂਦਾ ਹੈ, ਪਤਾ ਨਹੀਂ ਕਿੰਨਾ ਵਕਤ ਖ਼ਰਾਬ ਕੀਤਾ ਹੋਵੇਗਾ ਅਤੇ ਕਿੰਨੀ ਉਲਝਣ ਪੈਦਾ ਕੀਤੀ ਹੋਵੇਗੀ। ਯਕੀਨਨ ਹੀ ਜਦ ਵਿਸ਼ਵਾਸੀ ਲੋਕ ਆਪਣੇ ''ਸਭ ਤੋਂ ਵਧੀਆ ਕਦਮ'' ਸ਼ੈਤਾਨ ਲਈ ਚੁੱਕਦੇ ਹਨ, ਤਾਂ ਉਹ ਜ਼ਰੂਰ ਖੁਸ਼ ਹੁੰਦਾ ਹੈ!

ਦੂਈ ਮੁਸੀਬਤ ਉਦੋਂ ਆਉਂਦੀ ਹੈ ਜਦ ਫ਼ਜ਼ੂਲ ਬਹਿਸ ਕਰਨ ਵਾਲੇ ਲੋਕ ਖ਼ੁਦਾ ਦੇ ਵਚਨ ਨੂੰ ਨਹੀਂ ਸਮਝਦੇ ਪਰ ਉਨ੍ਹਾਂ ਗੱਲਾਂ ਬਾਰੇ ਜਿਨ੍ਹਾਂ ਨੂੰ ਉਹ ਸਮਝਦੇ ਵੀ ਨਹੀਂ ''ਪੱਕ ਕਰਕੇ

ਆਖਦੇ ਹਨ।''[14] ਆਮ ਤੌਰ ਤੇ ਅਜਿਹੇ ਵਿਸ਼ਵਾਸੀਆਂ ਵਿਚ ਮਸੀਹੀ ਬਣਨ ਤੋਂ ਲੈ ਕੇ ਕਿਸੇ ਨਾ ਕਿਸੇ ''ਮੁੱਦੇ,'' ''ਸ਼ੌਕ,'' ਜਾਂ ''ਨਵੇਂ ਲੱਭੇ ਤਰੀਕੇ'' ਤੇ ਸਭ ਤੋਂ ਵੱਧ ਜੋਸ਼ ਹੁੰਦਾ ਹੈ, ਜਿਹੜੇ ਦੂਜਿਆਂ ਦੇ ਵਿਸ਼ਵਾਸ ਦੇ ਖ਼ਤਮ ਹੋਣ ਦਾ ਕਾਰਣ ਬਣਦੇ ਹਨ। ਉਹ ਅਜਿਹਾ ਝਗੜਾ ਪੈਦਾ ਕਰ ਦਿੰਦੇ ਹਨ ਜਿਸ ਨਾਲ ਪ੍ਰਭੂ ਦੀ ਦੇਹ ਵਿਚ ਫੁੱਟ ਪੈ ਜਾਵੇ।

ਝੂਠੀ ਸਿੱਖਿਆ ਵਿਚ ਦੋ ਖ਼ਤਰਨਾਕ ਅਤੇ ਭਿਆਨਕ ਦਿੱਕਤਾਂ ਹਨ। ਪਹਿਲੀ ਇਹ ਕਿ ਗੁਮਰਾਹ ਆਦਮੀ ਨਾਕਾਬਲੇ ਯਕੀਨ ਗਤਿਵਿਧੀਆਂ ਵਿਚ ਸਹਿਯੋਗ ਕਰ ਸਕਦਾ ਹੈ। ਪੌਲੁਸ ਆਪ ਇਸ ਹਕੀਕਤ ਦਾ ਇਕ ਨਮੂਨਾ ਹੈ। ਦੂਜਾ ਕੁਝ ਲੋਕ ਝੂਠੇ ਦਾਅਵਿਆਂ ਤੇ ਜੋ ਬੜੀ ਸਫ਼ਾਈ ਨਾਲ ਕੀਤੇ ਜਾਂਦੇ ਹਨ, ਯਕੀਨ ਕਰ ਲੈਂਦੇ ਹਨ (ਰੋਮੀਆਂ 16:17, 18)। ਪਤਰਸ ਨੇਕਿਹਾ ਕਿ ''ਪ੍ਰਭੂ ਅਤੇ ਮੁਕਤੀਦਾਤਾ ਯਿਸੂ ਮਸੀਹ ਦੇ ਗਿਆਨ ਦੁਆਰਾ ਸੰਸਾਰ ਦੇ ਗੰਦ ਮੰਦ ਤੋਂ ਬਚ ਕੇ ਓਸ ਵਿਚ ਮੁੜ ਕੇ ਫਸਣ ਅਤੇ ਹਠਾੜੂ ਹੋ ਜਾਣ ਤਾਂ ਉਹਨਾਂ ਦਾ ਪਿਛਲਾ ਹਾਲ ਪਹਿਲੇ ਨਾਲੋਂ ਬੁਰਾ ਹੋਇਆ'' (2 ਪਤਰਸ 2:18-20; ਵੇਖੋ ਪ੍ਰਕਾਸ਼ ਦੀ ਪੋਥੀ 2:4, 5; 3:14-18)।

ਸਦੀਆਂ ਤਕ ਪਰੇਸ਼ਾਨ ਚੇਲਿਆਂ ਅਤੇ ਉੱਲਝਣ ਵਿਚ ਪਈਆਂ ਮੰਡਲੀਆਂ ਤੋਂ, ਸਾਨੂੰ ਪੁੱਛਣਾ ਚਾਹੀਦਾ ਹੈ, ''ਵਿਸ਼ਵਾਸੀ ਲੋਕ ਬਾਈਬਲ ਤੋਂ ਬਾਹਰ ਦੀ ਸਿੱਖਿਆ ਵੱਲ ਕਿਉਂ ਮੁੜਦੇ ਹਨ?'' ਵਿਲੀਅਮ ਬਾਰਕਲੇ ਨੇ ਮੁਸ਼ਕਲ ਪੈਦਾ ਕਰਨ ਵਾਲੇ ਲੋਕਾਂ ਵਿਚ ਪੰਜ ਖ਼ਾਸ ਗੱਲਾਂ ਵੇਖੀਆਂ।[15]

ਪਹਿਲੀ, ਝੂਠੀ ਸਿੱਖਿਆ ਦੇਣ ਵਾਲੇ ਵੱਲ ਨਵੇਂਪਣ ਦੀ ਖੋਜ ਵੱਲ ਲੋਕ ਖਿੱਚੇ ਜਾਂਦੇ ਹਨ, ਉਹ ਨਵੇਂਪਣ ਦੀ ਇੱਛਾ ਨਾਲ ਅਕਰਸ਼ਿਤ ਹੁੰਦੇ ਹਨ। ਜਿਵੇਂ (ਕੋਈ ਨਵੀਂ ਗੱਲ ''ਜਿਵੇਂ ਸਾਡੇ ਕੋਈ ਪੁਰਾਣੇ ਰਵਾਇਤੀ ਢੰਗ'') ਸਾਨੂੰ ਕੁਝ ਪੁਰਾਣੀਆਂ ਰਵਾਇਤਾਂ ਛੱਡ ਦੇਣੀਆਂ ਚਾਹੀਦੀਆਂ ਹਨ, ਇਹ ਜ਼ਰੂਰੀ ਹੈ ਕਿ ਬਦਲਾਅ ਦੀ ਇਸ ਪ੍ਰਕ੍ਰਿਆ ਵਿਚ ਸੱਚਾਈ ਨੂੰ ਨਾ ਛੱਡਿਆ ਜਾਵੇ। (ਵੇਖੋ ਰਸੂਲਾਂ ਦੇ ਕੰਮ 17:21.) ''ਨਹਾਉਣ ਵਾਲੇ ਪਾਣੀ ਦੇ ਨਾਲ ਬੱਚੇ ਨੂੰ ਬਾਹਰ'' ਨਹੀਂ ਸੁੱਟਣਾ ਚਾਹੀਦਾ।

ਦੂਜਾ ਉਹ ਬਾਈਬਲ ਵਿਚ ਨਹੀਂ ਬਲਕਿ ਜਜ਼ਬਾਤ ਵਿਚ ਦਿਲ ਲਾਉਂਦਾ ਹੈ (ਵੇਖੋ ਮਰਕੁਸ 7:8-13; ਰੋਮੀਆਂ 1:21-25)।

ਤੀਜਾ, ਉਹ ਕੰਮ (ਜਾਂ ਸੇਵਾ; ਮੱਤੀ 23:1-4; 1 ਤਿਮੋਥਿਉਸ 6:4, 5) ਦੀ ਬਜਾਇ ਬਹਿਸ ਵਿਚ ਆਪਣਾ ਸਮਾਂ ਗੁਆਉਂਦਾ ਹੈ।

ਚੌਥਾ, ਉਹ ਹਲੀਮੀ ਦੀ ਬਜਾਇ ਘਮੰਡ ਨਾਲ ਮੁੜਦਾ ਹੈ (ਵੇਖੋ 1 ਤਿਮੋਥਿਉਸ 1:7; 2 ਥੱਸਲੁਨੀਕੀਆਂ 2:2-4,9-11; 1 ਪਤਰਸ 5:5-7 ਦੇ ਨਾਲ ਮੱਤੀ 16:21-23)।

ਪੰਜਵਾਂ, ਉਹ ਸਿਧਾਂਤ ਰਹਿਤ ਕੱਟੜਤਾ ਦਾ ਦੋਸ਼ੀ ਹੈ (1 ਤਿਮੋਥਿਉਸ 1:7; ਰੋਮੀਆਂ 10:1-3; 2 ਪਤਰਸ 2:17-19; 3 ਯੂਹੰਨਾ 9, 10)।

ਜ਼ਰੂਰੀ ਨਹੀਂ ਹੈ ਕਿ ਕੋਈ ਇਹ ਪੰਜੇ ਗੱਲਾਂ ਹੀ ਕਰਦਾ ਹੋਵੇ ਪਰ ਬਹੁਤ ਸਾਰੇ ਭਾਈ ਦੁਖੀ ਹੋਏ ਹਨ ਕਿ ਕਿਸੇ ਮੈਂਬਰ ਨੇ ਸ਼ੈਤਾਨੀ ਹਮਾਇਤ ਨਾਲ ਇਨ੍ਹਾਂ ਵਿੱਚੋਂ ਇਕ ਜਾਂ ਵੱਧ ਗੱਲਾਂ ਵਿਚ ਹਮਲਾ ਕੀਤਾ ਹੈ।

*ਆਪਣੀਆਂ ਰੂਹਾਂ ਦੀ ਰਾਖੀ ਲਈ, ਸਾਡੇ ਵਿੱਚੋਂ ਹਰੇਕ ਨੂੰ ਈਮਾਨਦਾਰੀ ਨਾਲ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਗੱਲਾਂ ਵਿੱਚੋਂ ਕਿਸੇ ਇਕ ਨਾਲ ਵੀ ਹਾਰੇ ਤਾਂ ਨਹੀਂ ਹਾਂ।* ''ਸਭਨਾਂ ਗੱਲਾਂ ਨੂੰ ਪਰਖੋ'' (1 ਥੱਸਲੁਨੀਕੀਆਂ 5:21) ਅਤੇ ਉਸ ਵਚਨ ਵਿਚ

ਕਾਇਮ ਰਹੋ ਜਿਸ ਨਾਲ ਅਸੀਂ ਬਚਾਏ ਜਾਂਦੇ ਹਾਂ (1 ਕੁਰਿੰਥੀਆਂ 15:2)।

## ਕਿਹੜੀ ਸ਼ਰ੍ਹਾ (1 ਤਿਮੋਥਿਉਸ 1:7-11)

1:7, 8 ਵਿਚ ਕਿਸ ‘‘ਸ਼ਰ੍ਹਾ’’ ਦੀ ਗੱਲ ਕੀਤੀ ਗਈ ਹੈ। ਇੱਥੇ ਪੌਲੁਸ ਜ਼ਰੂਰ ਹੀ ਮੂਸਾ ਦੀ ਸ਼ਰ੍ਹਾ ਦੀ ਗੱਲ ਕਰ ਰਿਹਾ ਹੋਵੇਗਾ। ਪਰ ਉਸ ਦੀ ਚਰਚਾ ਦੇ ਅਖ਼ੀਰ ਵਿਚ ਇਹ ਸਾਫ਼ ਹੈ ਕਿ ਉਹਦੀ ਦਿਲਚਸਪੀ ਮਸੀਹ ਦੀ ਸ਼ਰ੍ਹਾ ਅਤੇ ਸ਼ਰ੍ਹਾ ਦੇ ਰੂਪ ਵਿਚ ਸ਼ਰ੍ਹਾ ਤੋੜਨ ਵਾਲਿਆਂ ਨਾਲ ਇਸ ਦੇ ਵਿਹਾਰ ਬਾਰੇ ਸੀ (1:9, 10)। ਇਸ ਤਰ੍ਹਾਂ ਪੌਲੁਸ ਸਰ੍ਹਾ ਦੀ ਸਹੀ ਪ੍ਰਾਸੰਗਿਕਤਾ ਦੀ ਗੱਲ ਕਰ ਰਿਹਾ ਸੀ।

ਸ਼ਰ੍ਹਾ ਚੰਗੀ ਸੀ, ਜੋ ਜੁਰਮ ਅਤੇ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਖ਼ੁਦਾ ਵੱਲੋਂ ਦਿੱਤਾ ਕਾਨੂੰਨ ਸੀ (ਰੋਮੀਆਂ 13:1-7; ਗਲਾਤੀਆਂ 3:19)। ਕੁਝ ਲੋਕ ਖ਼ੁਦਾ ਦੀ ਸ਼ਰ੍ਹਾ ਨੂੰ ਨਜ਼ਰਅੰਦਾਜ਼ ਕਰਦੇ ਸਨ (ਵਿਵਸਥਾਸਾਰ 12:8; ਨਿਆਈਆਂ 2:10, 11; 21:25) ਜਦ ਕਿ ਹੋਰ ਇਸ ਨੂੰ ਮੰਨਣ ਵਿਚ ਕੁਤਾਹੀ ਕਰਦੇ ਸਨ (ਉਪਦੇਸ਼ਕ 8:11)। ਕਈ ਤਾਂ ਅਜਿਹੇ ਵੀ ਸਨ ਜੋ ਸ਼ਰ੍ਹਾ ਨੂੰ ਗਲਤ ਢੰਗ ਨਾਲ ਲਾਗੂ ਕਰਨ ਦੀ ਕੋਸ਼ਿਸ਼ ਕਰਦੇ (ਰਸੂਲਾਂ ਦੇ ਕੰਮ 2:22-24) ਜਾਂ ਇਸ ਨੂੰ ਗ਼ਲਤ ਲੋਕਾਂ ਤੇ ਮੜ੍ਹਦੇ ਸਨ।

ਆਮ ਤੌਰ ਤੇ ‘‘ਸ਼ਰ੍ਹਾ’’ ਧਰਮੀ ਲੋਕਾਂ ਲਈ ਨਹੀਂ ਬਣਾਈ ਗਈ ਸੀ। ਪੌਲੁਸ ਨੇ ਇਸ ਨੂੰ ਤੋੜਨ ਵਾਲਿਆਂ ਦੀ ਇਕ ਸੂਚੀ ਤੇ ਜਿਹੜੇ ‘‘ਖਰੀ[16] ਸਿੱਖਿਆ’’ ਨੂੰ ਨਕਾਰਦੇ ਸਨ, ਇਸ ਨੂੰ ਲਾਗੂ ਕੀਤਾ:

| | | |
|---|---|---|
| ਸ਼ਰ੍ਹਾ ਹੀਣਾਂ[17] | ਅਸ਼ੁੱਧਾਂ[21] | ਮਨੁੱਖਾਂ ਦੇ ਚੁਰਾਉਣ ਵਾਲਿਆਂ[24] |
| ਢੀਠਾਂ[18] | ਪਿਉ ਦੇ ਮਾਰਨ ਵਾਲਿਆਂ ਅਤੇ ਮਾਂ ਦੇ ਮਾਰਨ ਵਾਲਿਆਂ | ਝੂਠ ਬੋਲਣ ਵਾਲਿਆਂ[25] |
| ਕੁਧਰਮੀਆਂ[19] | ਮਨੁੱਖ ਘਾਤੀਆਂ | ਝੂਠੀ ਸੌਂਹ ਖਾਣ ਵਾਲਿਆਂ[26] |
| ਪਾਪੀਆਂ[20] | ਹਰਾਮਕਾਰਾਂ[22] | ਖਰੀ ਸਿੱਖਿਆ ਦਾ ਵਿਰੋਧ ਕਰਨ ਵਾਲੇ ਸਭਨਾਂ ਲਈ |
| ਪਲੀਤਾਂ | ਮੁੰਡੇਬਾਜ਼ਾਂ[23] | |

ਮਨੁੱਖ ਨੂੰ ਬੁਰੇ ਰਾਹਾਂ ਤੋਂ ਰੋਕਣ ਵਾਲੀ ਸ਼ਰ੍ਹਾ ਦੀ ਪਛਾਣ ਆਇਤ 11 ਵਿਚ ਉਸ ਖੁਸ਼ਖਬਰੀ ਦੇ ਰੂਪ ਵਿਚ ਹੁੰਦੀ ਹੈ ਜਿਸ ਨੂੰ ਖ਼ੁਦਾ ਨੇ ਵਡਿਆਈ ਦਿੱਤੀ ਜਿਵੇਂ ਆਇਤ 11 ਤੋਂ ਸਾਫ਼ ਹੁੰਦਾ ਹੈ।

## ਪਾਠ 2: ਛੁਡਾਇਆ ਹੋਇਆ ਪਾਪੀ (1:12-17)

ਅਧਿਆਇ 1 ਦੀਆਂ ਪਹਿਲੀਆਂ ਗਿਆਰਾਂ ਆਇਤਾਂ ਵਿਚ ਨੌਜਵਾਨ ਇਵੈਂਜਲਿਸਟ ਤਿਮੋਥਿਉਸ ਨੂੰ ਖ਼ੁਦਾ ਦੇ ਵਚਨ ਦੀ ਦੁਰਵਰਤੋਂ ਅਤੇ ਗ਼ਲਤ ਵਰਤੋਂ ਤੇ ਕਾਬੂ ਪਾਉਣ ਤੇ ਜ਼ਬਰਦਸਤ ਅਪੀਲ ਕੀਤੀ ਗਈ ਤਾਂ ਜੋ ਜਲਾਲੀ ਇੰਜੀਲ ਨਾਲ ਉਹ ਭਲਿਆਈ ਹੋ ਸਕੇ ਜਿਹਦੇ ਨਾਲ ਇਸ ਨੂੰ ਬਣਾਇਆ ਗਿਆ ਹੈ। ਪੌਲੁਸ ਨੇ ਉਸ ਦੇ ਅਧਾਰ ਤੇ ਜੋ ਉਹਦੇ ਲਈ

ਇਸ ਇੰਜੀਲ ਦੇ ਖੁੱਲ੍ਹਣ ਵਾਲਾ ਰਾਹ ਬਣਿਆ ਤਿਮੋਥਿਉਸ ਨੂੰ ਪਾਪ ਨਾਲ ਪਿੜਿਤ ਲੋਕਾਂ ਨੂੰ ਬੜੀ ਪ੍ਰੇਰਣਾ ਦਿੱਤੀ।

ਪੌਲੁਸ ਨੂੰ ਇਹ ਅਹਿਸਾਸ ਕਰਕੇ ਕਿ ਉਸ ਨੂੰ ਖ਼ੁਦਾ ਨੇ ਇਸ ਇੰਜੀਲ ਨੂੰ ਦੂਜੇ ਲੋਕਾਂ ਵਿਚ ਫੈਲਾਉਣ ਲਈ ਦਿੱਤਾ ਹੈ, ਚੰਗਾ ਲਗਦਾ ਹੋਵੇਗਾ।[27] ਅਗਲੇ ਭਾਗ ਵਿਚ ਪੌਲੁਸ ਨੇ ਇਹਦੇ ਲਈ ਸ਼ੁਕਰਗੁਜ਼ਾਰੀ ਜ਼ਾਹਿਰ ਕੀਤੀ (1:12-17)।

## ਅਹਿਸਾਨਮੰਦ ਸੇਵਕ (ਆਇਤ 12)

ਪੌਲੁਸ ਨੇ ਇਹ ਕਹਿ ਕੇ ਕਿ ''ਮੈਂ ਮਸੀਹ ਯਿਸੂ ਸਾਡੇ ਪ੍ਰਭੂ ਦਾ ਧੰਨਵਾਦ ਕਰਦਾ ਹਾਂ'' ਉਸ ਤੋਂ ਮਿਲਣ ਵਾਲੇ ਨਿੱਜੀ ਫਾਇਦਿਆਂ ਕਰਕ[28] ਉਹਦੇ ਵੱਲ ਧਿਆਨ ਕੀਤਾ। ਇਸ ਵਾਕ ਦੇ ਅਰਥ ਅਤੇ ਉਸ ਆਦਮੀ ਤੇ ਵਿਚਾਰ ਕਰੋ ਜਿਸ ਨੇ ਇਹ ਸ਼ੁਕਰਗੁਜ਼ਾਰੀ ਵਿਖਾਉਣ ਵਾਲਾ ਵਾਕ ਲਿਖਿਆ। ਇਹ ਐਵੇਂ ਹੀ ''ਧੰਨਵਾਦ'' ਕਹਿਣ ਨਾਲੋਂ ਕਿਤੇ ਵੱਧ ਸੀ। ਇਹ ਸ਼ਬਦ ਉਸ ਆਦਮੀ ਦੇ ਸਨ ਜਿਸ ਦਾ ਜਿਸਮ ''ਮਸੀਹ ਵਿਚ'' ਹੋਣ ਕਰਕੇ ਜ਼ਖ਼ਮੀ ਅਤੇ ਦਾਗ਼ਾਂ ਨਾਲ ਭਰਿਆ ਸੀ (2 ਕੁਰਿੰਥੀਆਂ 4:11; 11:23-31)। ਪੌਲੁਸ ਦੀ ਜ਼ਿੰਦਗੀ ਇਸ ਗੱਲ ਦੀ ਗਵਾਹ ਸੀ ਕਿ ''ਬਿਪਤਾ ਦੇ ਵੱਡੇ ਪਰਤਾਵੇ ਵਿਚ'' ਕਿਵੇਂ ਖ਼ੁਦਾ ਦਾ ਫ਼ਜ਼ਲ ''ਅਨੰਦ ਦੀ ਬਹੁਤਾਇਤ'' ਦਾ ਕਾਰਣ ਬਣ ਸਕਦਾ ਹੈ (2 ਕੁਰਿੰਥੀਆਂ 8:1-3, 7; ਵੇਖੋ ਰਸੂਲਾਂ ਦੇ ਕੰਮ 16:22-34)। ਇਸ ਵਿਚ ਨਾ ਤਾਂ ਕੋਈ ਕਪਟ ਹੈ ਅਤੇ ਨਾ ਪਾਗ਼ਲਪਣ। ਇਹ ਬੜੇ ਸ਼ਾਨਦਾਰ ਢੰਗ ਨਾਲ ਸਾਨੂੰ ਯਾਦ ਕਰਾਉਂਦਾ ਹੈ ਕਿ ਸਾਡੇ ਤੇ ਆਉਣ ਵਾਲੀਆਂ ਅਜ਼ਮਾਇਸ਼ਾਂ ਮਸੀਹ ਵਿਚ ਸਾਡੇ ਵਧਣ ਦੇ ਮੁਕਾਬਲੇ ਕਿਤੇ ਘੱਟ ਅਹਿਮੀਅਤ ਰਖਦੀਆਂ ਹਨ। ਪਤਰਸ ਅਤੇ ਹੋਰ ਰਸੂਲਾਂ ਨਾਲ ਅੱਯੂਬ ਅਤੇ ਪੌਲੁਸ (ਰਸੂਲਾਂ ਦੇ ਕੰਮ 5:41; 4:19-21) ਫ਼ਜ਼ਲ ਦੇ ਵਧਣ ਦੇ ਬੇਹਤਰੀਨ ਨਮੂਨੇ ਹਨ (2 ਪਤਰਸ 3:18)। ਉਨ੍ਹਾਂ ਤੋਂ ਇਹ ਪਤਾ ਲਗਦਾ ਹੈ ਕਿ ਦੁੱਖ ਜਾਂ ਬਿਪਤਾ ਵੇਲੇ ਵੀ ਸ਼ੁਕਰਗੁਜ਼ਾਰੀ ਕੀਤੀ ਜਾ ਸਕਦੀ ਹੈ, ਜਦ ਉਹ ਤਕਲੀਫ਼ ਕਿਸੇ ਚੰਗੇ ਕੰਮ ਲਈ ਹੋਵੇ (ਯਾਕੂਬ 1:2-4; ਫ਼ਿਲਿੱਪੀਆਂ 3:7-11)।[29]

ਆਇਤ 12 ਵਿਚ ਪੌਲੁਸ ਨੇ ਲਿਖਿਆ, ''ਮੈਂ ਮਸੀਹ ਯਿਸੂ ਸਾਡੇ ਪ੍ਰਭੂ ਦਾ ਜਿਨ ਮੈਨੂੰ ਬਲ ਦਿੱਤਾ ਧੰਨਵਾਦ ਕਰਦਾ ਹਾਂ ਇਸ ਲਈ ਜੋ ਉਹ ਨੇ ਮੈਨੂੰ ਮਾਤਬਰ ਸਮਝ ਕੇ ਇਸ ਸੇਵਕਾਈ ਉੱਤੇ ਲਾਇਆ।'' ਖ਼ੁਦਾ ਦਾ ਧੰਨਵਾਦ ਕਰਨਾ ਸਹੀ ਸੀ ਕਿਉਂਕਿ ਪ੍ਰਭੂ ਨੇ ਪੌਲੁਸ ਨੂੰ ਮਹਾਨ ਸੇਵਾ ਦੇ ਲਈ ਠਹਿਰਾਇਆ, ਉਹ ਸੇਵਾ ਕਰਨ ਦੇ ਯੋਗ ਬਣਾਇਆ ਅਤੇ ਸੇਵਾ ਵਿਚ ਉਸ ਨੂੰ ਵਫ਼ਾਦਾਰ ਜਾਣਿਆ। ਕੋਈ ਵੀ ਇੰਵੈਂਜਲਿਸਟ ਜੋ ਇਸ ਧੰਨਵਾਦ ਨੂੰ ਸਮਝ ਜਾਂਦਾ ਹੈ, ਕਿਸੇ ਵੀ ਪਰੇਸ਼ਾਨੀ ਦੇ ਆਉਣ ਤੇ ਪਿੱਛੇ ਨਹੀਂ ਹਟੇਗਾ ਜੋ ਮੰਡਲੀ ਵਿਚ ਮਿਲਣ ਵਾਲੇ ਕੰਮ ਦੀ ਕਿਸੇ ਜ਼ਿੰਮੇਵਾਰੀ ਤੋਂ ਨਾਹ ਨਹੀਂ ਕਰੇਗਾ। ਉਹਨੂੰ ਸੰਭਾਲ, ਸਹਿਨਸ਼ੀਲਤਾ, ਸੁਧਾਰਨ, ਛੁਡਾਉਣ ਅਤੇ ਵਾਪਿਸ ਲਿਆਉਣ ਦੀਆਂ ਕਿਰਪਾ ਭਰੀਆਂ ਕਲਾਵਾਂ ਦੀ ਸਮਝ ਆ ਜਾਵੇ (ਵੇਖੋ ਯਾਕੂਬ 5:19, 20; ਗਲਾਤੀਆਂ 6:1, 2; ਅਫ਼ਸੀਆਂ 5:15-18; 2 ਤਿਮੋਥਿਉਸ 4:2-5)।

ਇੰਜੀਲ ਪ੍ਰਤੀ ਆਪਣਾ ਫ਼ਰਜ਼ ਨਿਭਾਉਂਦਿਆਂ ਸ਼ੁਕਰਗੁਜ਼ਾਰੀ ਨਾਲ ਜ਼ਿੰਦਗੀ ਬਿਤਾਉਣ ਦੇ ਬਾਅਦ, ਪੌਲੁਸ ਨੇ 1:12 ਤੋਂ 16 ਵਿਚ ਸਾਫ਼ ਦੱਸਿਆ ਕਿ ਉਹ ਸ਼ੁਕਰਗੁਜ਼ਾਰ ਕਿਉਂ ਸੀ। ਤਿਮੋਥਿਉਸ ਅਤੇ ਹੋਰ ਸਭ ਪ੍ਰਚਾਰਕਾਂ ਤੋਂ ਉਹ ਆਪਣੇ ਖ਼ੁਦਾਈ ਫ਼ਰਜ਼ ਲਈ ਅਜਿਹੀ ਹੀ ਵਫ਼ਾਦਾਰੀ ਦੀ ਚਾਹ ਕਰ ਰਿਹਾ ਸੀ।

ਪੌਲੁਸ ਤਕਲੀਫ਼ ਝੱਲ ਕੇ ਵੀ ਸ਼ੁਕਰਗੁਜ਼ਾਰੀ ਕਰ ਸਕਦਾ ਸੀ, ਕਿਉਂਕਿ ਪ੍ਰਭੂ ਉਹਨੂੰ ਮਜ਼ਬੂਤ ਕਰਦਾ ਸੀ। ਮਜ਼ਬੂਤੀ ਜਾਂ ਯੋਗ ਬਣਾਏ ਜਾਣ[30] ਲਈ ਸਾਨੂੰ ਖ਼ੁਦਾ ਤੇ ਹੀ ਨਿਰਭਰ ਰਹਿਣਾ ਚਾਹੀਦਾ ਹੈ। ਉਸ ਤੋਂ ਵੱਖ ਹੋ ਕੇ ਅਸੀਂ ਕੁਝ ਵੀ ਨਹੀਂ ਕਰ ਸਕਦੇ (ਯੂਹੰਨਾ 15:5), ਪਰ ਉਸ ਦੇ ਰਾਹੀਂ ਅਸੀਂ ਉਹ ਸਭ ਕੁਝ ਕਰ ਸਕਦੇ ਹਾਂ ਜੋ ਉਹ ਚਾਹੁੰਦਾ ਹੈ ਕਿ ਅਸੀਂ ਕਰੀਏ (ਫ਼ਿਲਿੱਪੀਆਂ 4:13; 2 ਕੁਰਿੰਥੀਆਂ 9:8-10)।

ਖ਼ੁਦਾ ਵੱਲੋਂ ਸਾਨੂੰ ਵਫ਼ਾਦਾਰ ਜਾਣ ਕੇ[31] ਕੋਈ ਕੰਮ ਦੇਣਾ ਸੱਚਮੁੱਚ ਵੱਡੀ ਗੱਲ ਹੈ। ਇਹ ਪਤਾ ਹੋਣਾ ਕਿੰਨੀ ਚੰਗੀ ਹੌਸਲਾ ਅਫ਼ਜ਼ਾਈ ਹੈ ਕਿ ਸਾਨੂੰ ਆਪਣੇ ਰਚਣਹਾਰੇ ਵੱਲੋਂ ਭਰੋਸਾ ਦਿੱਤਾ ਗਿਆ ਹੈ! ਇਸ ਖ਼ੂਬਸੂਰਤ ਵਿਚਾਰ ਵਿਚ ਉਹ ਇੱਜ਼ਤ ਹੈ ਜੋ ਭਾਈਆਂ ਨੂੰ ਕਲੀਸੀਆ ਦੇ ਐਲਡਰਾਂ ਪ੍ਰਤੀ ਰੱਖਣੀ ਚਾਹੀਦੀ ਹੈ। ਇਹ ਧਿਆਨ ਕਰਦਿਆਂ ਕਿ ਪ੍ਰਭੂ ਨੇ ਕਿਵੇਂ ਉਸ ਨੂੰ ਆਪਣੀ ''ਸੇਵਾ'' ਵਿਚ ਉੱਪਰ ਚੁੱਕਿਆ ਹੈ, ਪੌਲੁਸ ਇਸ ਤੋਂ ਵੀ ਵਧੀਆ ਸੋਚ ਰੱਖਦਾ ਹੋਵੇਗਾ।[32]

ਪ੍ਰਭੂ ਪੌਲੁਸ ਨੂੰ ਅਜਿਹਾ ਸਨਮਾਨ ਦਿੰਦਾ ਸੀ, ਇਸ ਕਰਕੇ ਅਸੀਂ ਦੁਨੀਆਂ ਦਾ ਸਭ ਤੋਂ ਵੱਡਾ ਕੰਮ ਦੇਣ ਵਾਲਾ ਹੋਣ ਕਰਕੇ ਉਸ ਤੋਂ ਪੌਲੁਸ ਨੂੰ ਆਪਣੀ ਸੇਵਾ[33] ਵਿਚ ''ਨਿਯੁਕਤ ਕਰਨ''[34] (NIV) ਦੀ ਉਮੀਦ ਕਰ ਸਕਦੇ ਹਾਂ। ਇੰਜੀਲ ਦੇ ਪ੍ਰਚਾਰਕਾਂ ਭਾਵ ਇਵੈਂਜਲਿਸਟਾਂ ਨੂੰ ਉਸ ਅਨਾਦੀ ਨਾਲ ਮਿਲ ਕੇ ਕੰਮ ਕਰਨ ਲਈ ਸੱਦਿਆ ਗਿਆ ਹੈ।

## ਸਾਬਕਾ ਬਾਗ਼ੀ (ਆਇਤ 13)

ਪੌਲੁਸ ਦਾ ਖ਼ੌਫ਼ ਕੁਝ ਦੇਰ ਤਕ ਤੀਹਰਾ ਸੀ। ਉਹ ਕੁਫ਼ਰ ਬਕਣ ਵਾਲਾ, ਸਤਾਉਣ ਵਾਲਾ ਅਤੇ ਜ਼ਬਰਦਸਤ ਹਮਲਾਵਰ ਸੀ।[35]

ਅਗਿਆਨਤਾ (ਸੌਲੁਸ ਮਸੀਹ ਨੂੰ ਨਹੀਂ ਜਾਣਦਾ ਸੀ) ਅਤੇ ਬੇਯਕੀਨੀ (ਯਹੂਦੀ ਰਵਾਇਤ ਦਾ ਉਸ ਦੀ ਸੋਚ ਤੇ ਪੂਰਾ ਅਸਰ ਸੀ) ਕਰਕੇ ਪੌਲੁਸ ਉਸ ਸੱਚਾਈ ਨੂੰ ਵੇਖਣ ਅਤੇ ਮੰਨਣ ਤੋਂ ਦੂਰ ਰਿਹਾ ਜੋ ਉਸ ਨੇ ਬਾਅਦ ਵਿਚ ਸੁਣੀ ਸੀ (ਵੇਖੋ 1 ਕੁਰਿੰਥੀਆਂ 2:7, 8; ਮੱਤੀ 13:14, 15; ਮਰਕੁਸ 7:6-13)। ਇਸੇ ਕਰਕੇ ਪੌਲੁਸ ਪ੍ਰਭੂ *ਚੇਹਿਮ* ਤੇ ਹੀ ਨਿਰਭਰ ਹੋ ਗਿਆ। ਪੌਲੁਸ ਤੇ ਉਨ੍ਹਾਂ ਤਿੰਨ ਦਿਨਾਂ ਤੇ ਖ਼ਿਆਲ ਕਰੋ ਜਦ ਉਸ ਨੇ ਨਾ ਕੁਝ ਖਾਧਾ ਅਤੇ ਨਾ ਕੁਝ ਪੀਤਾ ਸੀ (ਰਸੂਲਾਂ ਦੇ ਕੰਮ 9:1-9)। ਜੇ ਖ਼ੁਦਾ ਗ਼ਲਤੀ ਦੇ ਅਜਿਹੇ ਵਾਵਰੋਲੇ ਵਿਚ ਜਿਸ ਵਿਚ ਪੌਲੁਸ ਇਸ ਵਕਤ ਫ਼ਸਿਆ ਸੀ ਉਸ ਦੀ ਸ਼ਕਤੀ ਨੂੰ ਵੇਖਦਾ ਤਾਂ ਯਕੀਨਨ ਹੀ ਸਾਨੂੰ ਕੋਈ ਅਜਿਹਾ ਆਦਮੀ ਨਹੀਂ ਮਿਲੇਗਾ ਜਿਹੜਾ ਕਹਿ ਸਕੇ ਕਿ ''ਖ਼ੁਦਾ ਨੂੰ ਮੇਰੀ ਲੋੜ ਨਹੀਂ ਹੋਵੇਗੀ।'' ਆਓ ਇਸ ਗੱਲ ਨਾਲ ਦਿਲੇਰ ਹੋਈਏ ਕਿ ਖ਼ੁਦਾ ਸਾਨੂੰ ਪਿਆਰ ਕਰਦਾ ਹੈ ਅਤੇ ਉਹ ਉਨ੍ਹਾਂ ਸਭ ਲੋਕਾਂ ਨਾਲ ਪਿਆਰ ਕਰੇਗਾ ਜਿਨ੍ਹਾਂ ਕੋਲ ਪਹੁੰਚ ਕੇ ਅਸੀਂ ਉਨ੍ਹਾਂ ਨੂੰ ਉਹਦਾ ਵਚਨ ਦੱਸਣਾ ਚਾਹੁੰਦੇ ਹਾਂ!

## ਖ਼ੁਦਾ ਦੀ ਕਿਰਪਾ ਦਾ ਹੂ-ਬਹੂ ਵਿਖਾਵਾ (ਆਇਤਾਂ 14-16)।

ਮੁਕਤੀਦਾਤੇ ਦੇ ਜੀ ਉੱਠਣ ਅਤੇ ਵਿਖਾਈ ਦੇਣ ਨਾਲ ਪੌਲੁਸ ਨੂੰ ਖ਼ੁਦਾ ਦੀ *ਕਿਰਪਾ* ਜਾਂ ਫ਼ਜ਼ਲ ਵਿਖਾਇਆ ਗਿਆ ਸੀ (ਰਸੂਲਾਂ ਦੇ ਕੰਮ 22:1-10)। ਯਿਸੂ ਦਾ ਦਰਸ਼ਣ ਮਿਲਣ ਤੇ ਪੌਲੁਸ ਨੂੰ ਪੱਕਾ ਯਕੀਨ ਹੋ ਗਿਆ (ਰੋਮੀਆਂ 1:1-5)। ਖ਼ੁਦਾ ਦੀ ਦਿਆ ਨੇ ਪੌਲੁਸ ਵਿਚ ਪਿਆਰ ਦੇ ਸੁਭਾਅ ਅਤੇ ਅਨੰਦ ਨਾਲ ਹੁਕਮ ਮੰਨਣ ਦੀ ਪ੍ਰੇਰਣਾ ਦਿੱਤੀ (ਯੂਹੰਨਾ 14:15; ਰਸੂਲਾਂ ਦੇ ਕੰਮ 9:17-20; 22:10-16; ਇਬਰਾਨੀਆਂ 5:8, 9)।

ਇਸ ਖੂਬਸੂਰਤ ਯੋਜਨਾ ਵਿਚ ਅਸੀਂ ਸਭ ਤੋਂ ਵੱਡੇ ਪਾਪੀ ਦੇ ਬਚਾਏ ਜਾਣ ਲਈ ਛੁਟਕਾਰੇ ਦੀ *ਸ਼ਕਤੀ* ਨੂੰ ਵੇਖ ਸਕਦੇ ਹਾਂ। ਅਸੀਂ ਪੌਲੁਸ ਵੱਲੋਂ ਮਸੀਹੀ ਲੋਕਾਂ ਲਈ ਕਈ ਮਹੀਨੇ ਤਕ ਸਤਾਏ ਜਾਣ ਨਾਲ ਛੁਡਾਉਣ ਵਾਲੇ ਦੇ *ਧੀਰਜ* ਜਾਂ ''ਸਬਰ''[36] ਨੂੰ ਵੇਖ ਸਕਦੇ ਹਾਂ। ਜ਼ਰਾ ਸੋਚੋ ਕਿ ਮਸੀਹ ਨੇ ਪੌਲੁਸ ਵੱਲੋਂ ਪ੍ਰਭੂ ਦੇ ਲੋਕਾਂ ਨੂੰ ਐਨਾ ਧੂ-ਧੂ ਕੇ ਲਿਆਉਣ ਦੇ ਬਾਵਜੂਦ ਉਸ ਨੂੰ ਇਕ ਮੌਕਾ ਦੇ ਕੇ ਆਪਣੀ ਖੁੱਲ੍ਹਦਿਲੀ ਵਿਖਾ ਦਿੱਤੀ! ਵਿਲੀਅਮ ਬਾਰਕਲੇ ਨੇ ਇਸ ਖੂਬੀ ਦੇ ਦੋ ਪਹਿਲੂਆਂ ਤੇ ਧਿਆਨ ਦੁਆਇਆ:

(1) ਜਿਸ ਨੇ ਮਸੀਹ ਨੂੰ ਪੌਲੁਸ ਨੂੰ ਛੱਡਣ ਤੋਂ ਦੂਰ ਰੱਖਿਆ ਅਤੇ ਤੁਹਾਨੂੰ ਅਤੇ ਮੈਨੂੰ ਛੱਡਣ ਤੋਂ ਉਸ ਨੂੰ ਦੂਰ ਰੱਖੇਗਾ, ਉਹੀ ''ਮਜ਼ਬੂਤ ਮਨ ਹੈ ਜਿਹੜਾ ਕਦੇ ਹਾਰ ਨਹੀਂ ਮੰਨੇਗਾ।''

(2) ਇਹ ''ਕਿਸੇ ਦਾ ਆਪਣੇ ਲੋਕਾਂ ਨਾਲ ਸਲੂਕ'' ਹੈ।[37] ਇਹ ਯੂਨਾਨੀ ਗੁਣ ਦੇ ਉਲਟ ਹੈ ਜਿਸ ਦਾ ਅਰਥ ਅਰਸਤੂ ਨੇ ਉਸੇ ਬੇਇੱਜ਼ਤੀ ਜਾਂ ਜ਼ਖ਼ਮ ਨੂੰ ਸਹਿਣ ਤੋਂ ਨਾਂਹ ਕਰਨ ਦੇ ਰੂਪ ਵਿਚ ਕੀਤਾ ਹੈ। ਯੂਨਾਨੀਆਂ ਦੀ ਨਜ਼ਰ ਵਿਚ ਮਹਾਨ ਉਹੀ ਹੁੰਦਾ ਹੈ ਜਿਹੜਾ ਆਪਣਾ ਬਦਲਾ ਲੈ ਲਵੇ। ਮਸੀਹੀ ਲੋਕਾਂ ਦੀ ਨਜ਼ਰ ਵਿਚ ਮਹਾਨ ਉਹੀ ਹੁੰਦਾ ਹੈ ਜਿਹੜਾ ਬਦਲਾ ਲੈਣ ਦੀ ਤਾਕਤ ਹੋਣ ਦੇ ਬਾਵਜੂਦ ਅਜਿਹਾ ਕਰਨ ਤੋਂ ਇਨਕਾਰ ਕਰਦਾ ਹੈ। ਇਸ ਵਿਚ ਸਾਡੇ ਖ਼ੁਦਾ ਦਾ *ਮਕਸਦ* ਵੀ ਪਤਾ ਲਗਦਾ ਹੈ: ਉਸ ਨੇ ਪੌਲੁਸ ਦੀ ਮਨਬਦਲੀ ਨੂੰ ਉਨ੍ਹਾਂ ਸਭ ਵਿਸ਼ਵਾਸ ਕਰਨ ਵਾਲਿਆਂ ਅਤੇ ਹੁਕਮ ਮੰਨਣ ਵਾਲਿਆਂ ਲਈ ਇਹ ਜਾਣਦੇ ਹੋਏ ਨਮੂਨਾ ਦਿੱਤਾ ਕਿ ਉਹਦੀ ਕਿਰਪਾ ਸਾਨੂੰ ਹਮੇਸ਼ਾ ਦੀ ਜ਼ਿੰਦਗੀ ਵੱਲ ਲੈ ਜਾਵੇਗੀ।

## ਖ਼ੁਦਾ ਨੂੰ ਸ਼ਰਧਾਂਜਲੀ (1 ਤਿਮੋਥਿਉਸ 1:17)

ਖ਼ੁਦਾ ਦਾ ਫ਼ਜ਼ਲ ਅਤੇ ਰਹਿਮ ਪੌਲੁਸ ਨੂੰ ਯਾਦ ਦੁਆਉਂਦੇ ਸਨ ਕਿ ਸਾਡਾ ਬਣਾਉਣ ਵਾਲਾ ਜ਼ਬਰਦਸਤ ਹੈ। ਉਹਦੀ ਪਛਾਣ ਕਰਾਉਂਦਿਆਂ ਇਨ੍ਹਾਂ ਗੱਲਾਂ ਤੇ ਵਿਚਾਰ ਕਰੋ:

| ਖ਼ੁਦਾ: | | ਜੋ ਮੰਗ ਕਰਦਾ ਹੈ: |
|---|---|---|
| ਅਨਾਦੀ ਰਾਜਾ ਹੈ | - ਨਾ ਖ਼ਤਮ ਹੋਣ ਵਾਲੀ ਸ਼ਕਤੀ | - ਅਧੀਨਤਾ |
| ਸਦੀਵੀ | - ਨਾ ਖ਼ਤਮ ਹੋਣ ਵਾਲੀ ਸ਼ੁੱਧਤਾ | - ਨਕਲ ਕਰਨ ਦੀ |
| ਅਦਿੱਖ | - ਨਜ਼ਰ ਨਾ ਆਉਣ ਵਾਲੀ ਸੁਰੱਖਿਆ (ਯੂਹੰਨਾ 1:18; 2 ਕੁਰਿੰ. 5:7; ਜ਼ਬੂਰ 19:7-11) | - ਵਿਸ਼ਵਾਸ ਦੀ |
| ਇੱਕੋ ਖ਼ੁਦਾ ਹੈ | - ਨਿਰਾਲੀ ਖ਼ੁਦਾਈ (ਕੂਚ 20:1-5; ਯਸਾ. 44:6; ਹੋਸ਼ੇਆ. 13:4) | - ਪਹਿਲ ਦੀ |

ਖ਼ੁਦਾ ਦਸ ਤਰ੍ਹਾਂ ਦੇ ਸੁਭਾਅ ਦੀ ਸਾਥੋਂ ਹਮੇਸ਼ਾ ਹਮੇਸ਼ਾ ਲਈ ਆਦਰ ਅਤੇ ਵਡਿਆਈ ਦੇਣ ਲਈ ਮੰਗ ਕਰਦਾ ਹੈ।

## ਪਾਠ 3: ਫ਼ੈਸਲਾ ਲੈਣ ਦੀ ਮੰਗ (1:18-20)

### ''ਚੰਗੀ ਲੜਾਈ ਲੜ'' (ਆਇਤਾਂ 18, 19)

ਸਭ ਤੋਂ ਵੱਡੇ ਪਾਪੀ ਤਕ ਨੂੰ ਛੁਡਾਉਣ ਲਈ ਇਹ ਗਰੰਟੀ ਨਹੀਂ ਦਿੰਦਾ ਕਿ ਉਹਦਾ ਵਚਨ ਹਰ ਬੰਦੇ ਦੀ ਜ਼ਿੰਦਗੀ ਵਿਚ ਅਗਵਾਈ ਦੇਵੇਗਾ। ਇਹ ਜ਼ਿੰਦਗੀ ਦੀਆਂ ਲੜਾਈਆਂ ਵਿਚ ਇੱਜ਼ਤ ਅਤੇ ਬਹਾਦਰੀ ਨਾਲ ਖੜੇ ਰਹਿਣ ਲਈ ਖ਼ੁਦਾ ਦੇ ਨਿਯਮਾਂ (''ਨਬੂਵਤਾਂ''; 1:18; 2 ਪਤਰਸ 1:20, 21) ਲਈ ਨਿੱਜੀ ਵਚਨਬੱਧਤਾ ਦੀ ਮੰਗ ਕਰਦਾ ਹੈ। ਇਸੇ ਲਈ ਪੌਲੁਸ ਨੇ ਤਿਮੋਥਿਉਸ ਨੂੰ ''ਚੰਗੀ ਲੜਾਈ ਲੜਨ'' ਦਾ ਹੁਕਮ ਦਿੱਤਾ। (ਵੇਖੋ 2 ਕੁਰਿੰਥੀਆਂ 10:3-6; ਅਫ਼ਸੀਆਂ 6:10-19.) ਇਸ ਮਕਸਦ ਨੂੰ ਹਾਸਲ ਕਰਨ ਦਾ ਜ਼ਰੀਆ ਦੋਹਰਾ ਹੈ ਭਾਵ ''ਸਾਫ਼ ਅੰਤਹਕਰਣ''[38] ਅਤੇ ''ਨਿਸ਼ਕਪਟ ਨਿਹਚਾ'' (1:5)।

ਖ਼ੁਦਾ ਦੇ ਵਚਨ ਜਾਂ ''ਨਬੂਵਤ'' ਨਾਲ ਵਿਸ਼ਵਾਸ ਆਉਂਦਾ ਹੈ (ਰੋਮੀਆਂ 10:17)। ਉਸ ਵਿਸ਼ਵਾਸ ਵਿਚ ਬਣੇ ਰਹਿਣ ਨਾਲ ਸ਼ੁੱਧ ਅੰਤਹਕਰਣ ਬਣਦਾ ਹੈ। ਸਾਨੂੰ ਵਿਸ਼ਵਾਸ ਜਾਂ ਨਿਹਚਾ ਨਾਲ ਧਰਮੀ ਠਹਿਰਾਇਆ ਜਾਂਦਾ ਹੈ (ਰੋਮੀਆਂ 5:1, 2; ਗਲਾਤੀਆਂ 3:26, 27), ਅਸੀਂ ਵਿਸ਼ਵਾਸ ਨਾਲ ਚੱਲਦੇ ਹਾਂ (2 ਕੁਰਿੰਥੀਆਂ 5:7), ਵਿਸ਼ਵਾਸ ਨਾਲ ਸੰਸਾਰ ਉੱਤੇ ਫ਼ਤਹਿ ਪਾਉਂਦੇ ਹਾਂ (1 ਯੂਹੰਨਾ 5:4) ਅਤੇ ਵਿਸ਼ਵਾਸ ਵਿਚ ਮਸੀਹ ਦੇ ਸੁਭਾਅ ਨੂੰ ਅਪਣਾਉਂਦੇ ਹਾਂ (ਗਲਾਤੀਆਂ 2:20)। ਸਾਡੇ ਵਿਸ਼ਵਾਸ ਨੂੰ ਧਾਰਮਿਕਤਾ ਮੰਨਿਆ ਜਾਂਦਾ ਹੈ (ਰੋਮੀਆਂ 4:3-5) ਜੋ ਵਿਸ਼ਵਾਸ ਨਾਲ ਸ਼ੈਤਾਨ ਦੇ ਸਾਰੇ ਅਗਨ ਬਾਣਾਂ ਨੂੰ ਬੁਝਾ ਸਕਦਾ ਹੈ (ਅਫ਼ਸੀਆਂ 6:16)। ਹੈਰਾਨੀ ਦੀ ਗੱਲ ਨਹੀਂ ਕਿ ਪੌਲੁਸ ਦੀ ਇੱਛਾ ਤਿਮੋਥਿਉਸ ਦੇ ਨਿਹਚਾ ਵਿਚ ਬਣੇ ਰਹਿਣ ਦੀ ਹੀ ਸੀ। ਹਰ ਇਵੈਂਜਲਿਸਟ ਨੂੰ ਆਪਣੀ ਜ਼ਿੰਦਗੀ ਅਤੇ ਸੇਵਕਾਈ ਨੂੰ ਵਿਸ਼ਵਾਸ ਦੇ ਉਸ ਅਖਾੜੇ ਵਿਚ ਚਲਾਉਣੀ ਚਾਹੀਦੀ ਹੈ ਜੋ ਵਚਨ ਤੇ ਬਣਿਆ ਹੋਵੇ!

ਹਾਏ ਉਸ ਪ੍ਰਚਾਰਕ ਤੇ ਜਿਹੜਾ ਇਨ੍ਹਾਂ ਤਿੰਨਾਂ ਗੱਲਾਂ ਵਿੱਚੋਂ ਇਕ ਵੀ ਜਿਹੜੀਆਂ ਪੌਲੁਸ ਨੇ ਤਿਮੋਥਿਉਸ ਨੂੰ ਆਪਣੇ ਹੁਕਮ ਵਿਚ ਦਿੱਤੀਆਂ ਸਨ ਕੱਢਣ ਦੀ ਕੋਸ਼ਿਸ਼ ਕਰਦਾ ਹੈ। ਜੇ ਉਹ ਹੁਕਮ ਨੂੰ ਬਿਨਾਂ *ਵਚਨ* ਦੇ ਰੱਖਦਾ ਹੈ ਤਾਂ ਛੇਤੀ ਹੀ ਉਹਦੇ ਪੈਰ ਗ਼ਲਤ ਪਾਸੇ ਮੁੜ ਜਾਣਗੇ (ਯਿਰਮਿਯਾਹ 10:23)। ਜੇ ਉਹ ਇਸ ਨੂੰ *ਵਿਸ਼ਵਾਸ* ਦੇ ਬਗ਼ੈਰ ਰੱਖਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਨੂੰ ਕੁਝ ਨਹੀਂ ਮਿਲੇਗਾ (ਮੱਤੀ 25:24-30; ਮਰਕੁਸ 9:17-23)। ਜੇ ਉਹ ਇਸ ਨੂੰ *ਸਾਫ਼* ਅੰਤਹਕਰਣ *ਦੇ ਬਗ਼ੈਰ* ਰੱਖਣ ਦੀ ਕੋਸ਼ਿਸ਼ ਕਰਦਾ ਹੈ ਤਾਂ ਆਤਮਵਿਸ਼ਵਾਸ ਦੀ ਘਾਟ ਕਰਕੇ ਉਹਦੇ ਪੈਰ ਅਤੇ ਲੱਤਾਂ ਲੜਖੜਾਉਣ ਲੱਗਣਗੀਆਂ (ਵੇਖੋ 1 ਸਮੂਏਲ 17:21-25; 28:5-7, 15, 20, 21; ਲੂਕਾ 5:3-11 ਵੀ ਵੇਖੋ)। ਪੌਲੁਸ ਦੇ ਹੁਕਮ ਨਾਲ ਕਿਸੇ ਵੀ ਤਰ੍ਹਾਂ ਦੇ ਭਟਕਣ ਵਾਲੇ ਨੂੰ ਹੁਮਿਨਾਯੁਸ ਅਤੇ ਸਿਕੰਦਰ ਦੀ ਮਾੜੀ ਹਾਲਤ ਵਿਚ ਲੈ ਜਾਵੇਗਾ ਜਿਨ੍ਹਾਂ ਨੂੰ ਪੌਲੁਸ ਨੇ ''ਸ਼ੈਤਾਨ ਦੇ ਗੋਚਰੇ ਕਰ ਦਿੱਤਾ ਕਿ ਤਾੜਨਾ ਪਾ ਕੇ ਓਹ ਕੁਫ਼ਰ ਦੀਆਂ ਗੱਲਾਂ ਨਾ ਬਕਣ'' (1:20)।

### ਸ਼ੈਤਾਨ ਦਾ ਕਸੂਰ ਨਾ ਕੱਢੋ (ਆਇਤਾਂ 19, 20)

ਹੁਮਿਨਾਯੁਸ ਅਤੇ ਸਿਕੰਦਰ ਨੇ ਨਿਹਚਾ ਅਤੇ ਸ਼ੁੱਧ ਅੰਤਹਕਰਣ ਨੂੰ ਆਪਣੇ ਤੋਂ ਦੂਰ ਕਰ ਲਿਆ ਸੀ[39] ਜਿਸ ਉੱਤੇ ਪੌਲੁਸ ਨੇ ਜ਼ੋਰ ਦਿੱਤਾ ਸੀ। ਪੌਲੁਸ ਦੇ ਸ਼ਬਦਾਂ ਵਿਚ ਕਿੰਨੇ ਜ਼ਬਰਦਸਤ

ਢੰਗ ਨਾਲ ਇਹ ਐਲਾਨ ਹੈ ਕਿ ਇਨ੍ਹਾਂ ਦੋਹਾਂ ਕੋਲ ਵਫ਼ਾਦਾਰ ਰਹਿਣ ਦਾ ਬਹੁਤ ਵਧੀਆ ਮੌਕਾ ਸੀ! ਉਨ੍ਹਾਂ ਨੇ ਪਿਆਰ ਨਾਲ ਦਿੱਤੇ ਗਏ ਉਸ ਖ਼ੁਦਾਈ ਅਤੇ ਮਨੁੱਖੀ ਪ੍ਰਭਾਵ ਨੂੰ ਛੱਡ ਦਿੱਤਾ ਸੀ। ਇਹ ਤੱਥ ਕਿ ''ਉਨ੍ਹਾਂ ਦਾ ਨਿਹਚਾਰੂਪੀ ਜਹਾਜ਼ ਡੁੱਬ ਗਿਆ'' ਸੀ ਨਾ ਸਿਰਫ਼ ਇਹ ਐਲਾਨ ਕਰਦਾ ਹੈ ਕਿ ਨਾ ਸਿਰਫ਼ ਆਪ ਨਾਸ ਹੋਏ ਬਲਕਿ ਉਸ ਸਿੱਖਿਆ ਦੇ ਖ਼ਿਲਾਫ਼ ਵੀ ਪੁਕਾਰ ਪੁਕਾਰ ਕੇ ਆਖਦਾ ਹੈ ''ਜਿਸ ਮੁਤਾਬਕ ਇਕ ਵਾਰ ਵਿਸ਼ਵਾਸ ਤੋਂ ਆਉਣ ਦਾ ਭਾਵ ਹਮੇਸ਼ਾ ਤਕ ਵਿਸ਼ਵਾਸੀ ਰਹਿਣਾ'' ਜਾਂ ''ਇਕ ਵਾਰ ਬਚਾਏ ਜਾਣ ਦਾ ਅਰਥ ਹਮੇਸ਼ਾ ਲਈ ਬਚਾਏ ਜਾਣਾ'' ਹੈ (ਵੇਖੋ 1 ਤਿਮੋਥਿਉਸ 4:1; ਗਲਾਤੀਆਂ 5:4)।

ਇਹ ਤੱਥ ਕਿ ਪੌਲੁਸ ਨੇ ਇਨ੍ਹਾਂ ਨੂੰ ਸ਼ੈਤਾਨ ਨੂੰ ਸੌਂਪ ਦਿੱਤਾ ਸੀ (ਵੇਖੋ ਮੱਤੀ 18:15-18; ਤੀਤੁਸ 3:10, 11; 2 ਥੱਸਲੁਨੀਕੀਆਂ 3:6, 14, 15; 1 ਕੁਰਿੰਥੀਆਂ 5:1-5) ਯੂਹੰਨਾ 8:44 ਵਿਚ ਮਸੀਹ ਦੀ ਉਦਾਹਰਣ ਨਾਲ ਮੇਲ ਖਾਂਦਾ ਹੈ। ਉਸ ਨੇ ਕਿਹਾ ਸੀ:

> ਤੁਸੀਂ ਆਪਣੇ ਪਿਓ ਸ਼ੈਤਾਨ ਤੋਂ ਹੋ ਅਤੇ ਆਪਣੇ ਪਿਓ ਦੀਆਂ ਕਾਮਨਾਂ ਦੇ ਅਨੁਸਾਰ ਕਰਨਾ ਚਾਹੁੰਦੇ ਹੋ। ਉਹ ਤਾਂ ਮੁੱਢੋਂ ਮਨੁੱਖ ਘਾਤਕ ਸੀ ਅਤੇ ਸਚਿਆਈ ਉੱਤੇ ਟਿਕਿਆ ਨਾ ਰਿਹਾ ਕਿਉਂਕਿ ਉਸ ਵਿਚ ਸਚਿਆਈ ਹੈ ਨਹੀਂ। ਜਦ ਉਹ ਝੂਠ ਬੋਲਦਾ ਹੈ ਤਾਂ ਉਹ ਆਪਣੀਆਂ ਹੀ ਹੱਕਦਾ ਹੈ ਕਿਉਂਕਿ ਉਹ ਝੂਠਾ ਹੈ ਅਤੇ ਝੂਠ ਦਾ ਪਤੰਦਰ ਹੈ।

ਜਿਵੇਂ *ਕਿ ਸੈਟੇਨਿਕ ਬਾਈਬਲ* ਦੇ ਲੇਖਕ ਐਂਟਨ ਐੱਸ. ਲੇਵੇ ਨੇ ਲਿਖਿਆ ਹੈ, ''... ਜੇ ਤੁਸੀਂ ਸ਼ੈਤਾਨ ਦੀ ਖੇਡ ਖੇਡਣ ਵਾਲੇ ਹੋ, ਤਾਂ ਸ਼ੈਤਾਨ ਦਾ ਨਾਂਅ ਕਿਉਂ ਨਹੀਂ ਲੈਂਦੇ।''[40]

ਮਿਹਰਬਾਨੀ ਕਰਕੇ ਪੌਲੁਸ ਦੇ ਮਕਸਦ ਤੇ ਧਿਆਨ ਦਿਓ ਕਿ ਸ਼ੈਤਾਨ ਦੇ ਸਪੁਰਦ ਕਰ ਦੇਣ ਦੇ ਬਾਵਜੂਦ ਉਹ *ਕੁਫ਼ਰ ਦੀਆਂ ਗੱਲਾਂ* ਨਾ ਬਕਣ (1:20)। ਕੁਫ਼ਰ ਬਕਣਾ ਇਕ ਸੰਗੀਨ ਜੁਰਮ ਹੈ,[41] ਪਰ ਪੌਲੁਸ ਅਜੇ ਵੀ ਚਾਹੁੰਦਾ ਸੀ ਕਿ ਉਨ੍ਹਾਂ ਨੂੰ ਸਮਝਾਇਆ ਜਾਵੇ। ਪੌਲੁਸ ਵੱਲੋਂ ਕਿਰਿਆ ਦੀ ਚੋਣ[42] ਇਹ ਸਾਬਤ ਕਰਦਾ ਹੈ ਕਿ ਉਸ ਨੂੰ ਪੱਕਾ ਪਤਾ ਨਹੀਂ ਸੀ ਕਿ ਉਹ ਉਹਦੀ ਸਿੱਖਿਆ ਨੂੰ ਮੰਨਣਗੇ ਜਾਂ ਨਹੀਂ। ਇਹਦਾ ਸਿਹਰਾ ਪੌਲੁਸ ਨੂੰ ਹੀ ਜਾਂਦਾ ਹੈ ਕਿ ਉਸ ਨੇ ਉਨ੍ਹਾਂ ਦੇ ਕੁਫ਼ਰ ਦੇ ਬਾਵਜੂਦ ਉਨ੍ਹਾਂ ਨੂੰ ਸਿਖਾਉਣ ਦੀ ਇੱਛਾ ਕੀਤੀ ਸੀ!

ਇਸ ਤਰ੍ਹਾਂ ਅਧਿਆਇ 1 ਇਸ ਚੇਤਾਵਨੀ ਨਾਲ ਖ਼ਤਮ ਹੁੰਦਾ ਹੈ ਕਿ ਸਾਨੂੰ ਕੀ ਨਹੀਂ ਕਰਨਾ ਚਾਹੀਦਾ ਹੈ ਅਤੇ ਜੋ ਹੋਣਾ ਚਾਹੀਦਾ ਹੈ ਉਸ ਤੇ ਅਧਿਆਇ 2 ਵਿਚ ਧਿਆਨ ਦਿੱਤਾ ਗਿਆ ਹੈ।

---

ਟਿੱਪਣੀਆਂ

[1]ਨਵੇਂ ਨੇਮ ਵਿਚ ਰਸੂਲਾਂ ਦੀਆਂ ਤਿੰਨ ਤਰਤੀਬਾਂ ਮਿਲਦੀਆਂ ਹਨ: (1) ਖ਼ੁਦਾ ਦਾ ਰਸੂਲ, ਯਿਸੂ ਮਸੀਹ (ਇਬਰਾਨੀਆਂ 3:1); (2) ਮਸੀਹ ਦੇ ਰਸੂਲ (ਮੱਤੀ 10:2-4; ਰਸੂਲਾਂ ਦੇ ਕੰਮ 1:26; ਗਲਾਤੀਆਂ 2:8; 1 ਕੁਰਿੰਥੀਆਂ 15:7-10); (3) ਕਲੀਸੀਆ ਦੇ ਰਸੂਲ, ਜਿਵੇਂ 2 ਕੁਰਿੰਥੀਆਂ 8:23; ਰਸੂਲਾਂ ਦੇ ਕੰਮ 14:14 ਵਿਚ। ਇਸ ਆਖ਼ਰੀ ਮਾਮਲੇ ਵਿਚ ਆਦਮੀਆਂ ਨੂੰ ਕਿਸੇ ਤਰ੍ਹਾਂ ਉਸ ਸੇਵਾਂ ਜਾਂ ਮੌਕੇ ਲਈ ਕਲੀਸੀਆ ਦੇ ਦੂਤ ਜਾਂ *apostoloi* ਬਣਾ ਕੇ ਕਿਸੇ ਰੂਪ ਵਿਚ ਕਲੀਸੀਆ ਦੀ ਨੁਮਾਇੰਦਗੀ ਕਰਨ ਲਈ ਚੁਣਿਆ ਜਾਂਦਾ ਸੀ। ਇਸ ਨੂੰ ਅਹੁਦੇ ਦੀ ਥਾਂ ਜ਼ਿੰਮੇਵਾਰੀ ਦੇ ਕੰਮ ਦੇ ਰੂਪ ਵਿਚ ਮੰਨਣਾ ਚਾਹੀਦਾ ਹੈ। ਰਸੂਲ ਲਈ ''apostle'' ਦੇ ਯੂਨਾਨੀ ਸ਼ਬਦ

*apostolos* ਦਾ ਅਰਥ ''ਨੁਮਾਇੰਦਾ, ਦੂਤ, ਫ਼ਰਮਾਨ ਦੇ ਕੇ ਭੇਜਿਆ ਗਿਆ'' ਹੈ (ਸੀ. ਜੀ. ਵਿਲਕੇ ਐਂਡ ਵਿਲੀਬਲਡ ਗਰਿੰਮ, *ਏ ਗ੍ਰੀਕ–ਇੰਗਲਿਸ਼ ਲੈਕਸਿਕਨ ਆਫ਼ ਦ ਨਿਊ ਟੈਸਟਾਮੈਂਟ,* ਅਨੁਵਾਦ ਅਤੇ ਸੋਧ ਜੋਜ਼ਫ਼ ਐੱਚ. ਥੇਅਰ [ਐਡਿਨਬਰਗ, ਸਕਾਟਲੈਂਡ: ਟੀ. ਐਂਡ ਟੀ. ਕਲਾਰਕ, 1901; ਰੀਪ੍ਰਿੰਟ ਅੰਕ ਗ੍ਰੈਂਡ ਰੈਪਿਡਸ, ਮਿਗਿਘਨ: ਬੇਕਰ ਬੁੱਕ ਹਾਊਸ, 1977], 68)। ਹਰ ਮਾਮਲੇ ਵਿਚ ਇਸ ਸੇਵਾ ਨੂੰ ਪੂਰੀ ਕਰਨ ਵਾਲਾ ਆਦਮੀ ਭੇਜਣ ਵਾਲੇ ਦੇ ਅਖ਼ਤਿਆਰ ਨਾਲ ਗੱਲ ਕਰਦਾ ਹੈ (ਵੇਖੋ ਲੂਕਾ 10:16; ਯੂਹੰਨਾ 13:20)। [2]2 ਪਤਰਸ 3:18 ਅਤੇ 2 ਕੁਰਿੰਥੀਆਂ 8:1-3, 7 ਵੇਖੋ ਜਿੱਥੇ ਸਾਨੂੰ ਮਿਲਦਾ ਹੈ ਕਿ ਕਲੀਸੀਆ ਵਿਚ ਮਿਲੀ ਕਿਰਪਾ ਨਾਲ ਸਾਨੂੰ ਦੁੱਖ ਵਿਚ ਵੀ ਅਨੰਦ ਨਾਲ ਭਰੇ ਹੋਣ ਵਿਚ ਮਦਦ ਮਿਲਦੀ ਹੈ। ਬਹੁਤ ਕੰਗਾਲ ਆਦਮੀ ਵੀ ਆਪਣੀ ਅਜ਼ਾਦੀ ਦੀ ਦੌਲਤ ਨੂੰ ਵਿਖਾ ਸਕਦਾ ਹੈ। ਖ਼ੁਦਾ ਦੀ ਕਿਰਪਾ ਸਾਨੂੰ ਵਿਸ਼ਵਾਸ, ਬੋਲ-ਚਾਲ, ਗਿਆਨ, ਪੂਰੀ ਗੰਭੀਰਤਾ ਅਤੇ ਪਿਆਰ ਵਿਚ ਵਧਣ ਵਿਚ ਮਦਦ ਕਰਦੀ ਹੈ। ਇੰਜੀਲ ਦੇ ਪ੍ਰਚਾਰਕ ਨੂੰ ਆਪਣੇ ਕੰਮ ਵਿਚ ਇਨ੍ਹਾਂ ਗੁਣਾਂ ਨਾਲ ਕਿੰਨਾਂ ਫ਼ਾਇਦਾ ਹੋ ਸਕਦਾ ਹੈ। (ਟਿੱਪਣੀਆਂ 17 ਵਿਚ *charis* ਦੀ ਥੇਅਰ ਦੀ ਪਰਿਭਾਸ਼ਾ ਵੇਖੋ। ) [3]ਇਸ ਦਆ (ਯੂ.: *eleos*) ਦਾ ਅਰਥ ''ਤਰਸ ਯੋਗ ਅਤੇ ਦੁਖੀ ਲੋਕਾਂ ਨਾਲ ਉਨ੍ਹਾਂ ਨੂੰ ਛੁਡਾਉਣ ਦੀ ਇੱਛਾ ਨਾਲ ਦਯਾ ਜਾਂ ਭਲਾ ਕਰਨਾ'' ਹੈ (ਥੇਅਰ, 203)। ਸੰਸਾਰਕ ਲੋਕਾਂ ਨਾਲ ਮਿਲਣ ਤੇ ਇਹ ਗੁਣ ਕਿੰਨਾ ਕੀਮਤੀ ਹੋ ਜਾਦਾ ਹੈ! [4]ਇਸ ਸ਼ਾਂਤੀ ਲਈ ਯੂਨਾਨੀ ਸ਼ਬਦ *eirene* ਦਾ ਅਰਥ ਹੈ ''ਮਸੀਹ ਰਾਹੀਂ ਆਪਣੇ ਬਚਾਏ ਜਾਣ ਦੀ ਦਿਲੇਰੀ ਪਾਏ ਹੋਏ ਆਤਮਾ ਦੀ ਸ਼ਾਂਤੀ ਦੀ ਸਥਿਤੀ, ਅਤੇ ਇਸ ਤਰ੍ਹਾਂ ਖ਼ੁਦਾ ਤੋਂ ਕਿਸੇ ਕਿਸਮ ਦਾ ਡਰ ਨਹੀਂ ਹੁੰਦਾ ਅਤੇ ਆਪਣੀ ਦੁਨਿਆਵੀ ਹਾਲਤ ਨਾਲ ਸੰਤੁਸ਼ਟੀ ਹੁੰਦੀ ਹੈ ਭਾਵੇਂ ਉਹ ਕਿਹੋ ਜਿਹੀ ਵੀ ਹੋਵੇ: ਰੋਮੀਆਂ 8:6'' (ਥੇਅਰ, 182)। [5]''ਹੁਕਮ'' ਲਈ ਯੂਨਾਨੀ ਸ਼ਬਦ*parangelia* ਦਾ ਅਰਥ ਹੈ ''...ਇਕ ਤੋਂ ਦੂਜੇ ਬੰਦੇ ਤਕ ਸੁਨੇਹਾ ਪਹੁੰਚਾਉਣਾ, ... ਐਲਾਨ ਕਰਨਾ, ਮੁਨਾਦੀ ਕਰਨਾ, ... ਹੁਕਮ, ਫ਼ਰਮਾਨ ਜਾਂ ਹਦਾਇਤ ਦੇਣਾ'' (ਥੇਅਰ, 479)। ਪ੍ਰਾਸੰਗਿਕਤਾ ਦੇ ਪੱਧਰ ਤੇ ਇਸ ਸ਼ਬਦ ਦੇ ਅਰਥ ਦੀ ਡੂੰਘਿਆਈ ਤੇ ਧਿਆਨ ਦਿਓ: ਧੰਨ ਉਹ ਪ੍ਰਚਾਰਕ ਜਿਸ ਦੇ ਸੁਨੇਹੇ ਨੂੰ ਸਿਰਫ਼ ਖ਼ੁਦਾ ਦਾ ''ਐਲਾਨ ਕਰਨ'' ਦੀ ਲੋੜ ਹੈ ਅਤੇ ਇਸ ਨਾਲ ਕਿਸੇ ਵੀ ਹੋਰ ਤਰ੍ਹਾਂ ਦੀ ਸਿੱਖਿਆ ਜਾਂ ਪ੍ਰਚਾਰ ਨਹੀਂ ਹੋਵੇਗਾ। ਪਰ ਜੇ ਜ਼ਰੂਰੀ ਹੋਵੇ ਤਾਂ ਪ੍ਰਚਾਰਕ ਨੂੰ ਚਾਹੀਦਾ ਹੈ ਕਿ ਉਹ ਝੂਠੀ ਸਿੱਖਿਆ ਦੇਣ ਵਾਲੇ ਨੂੰ ਸਿੱਖਿਆ ਦੇਣ ਤੋਂ ਮਨ੍ਹਾਂ ਕਰਨ ਲਈ ਹੁਕਮ, ਫ਼ਰਮਾਨ ਜਾਂ ਹਦਾਇਤ ਦੇਵੇ। ਆਖ਼ਰ ਵੱਖਰੀ ਤਰ੍ਹਾਂ ਦੀ ਸਿੱਖਿਆ ਦਿੰਦੇ ਰਹਿਣ ਨਾਲ ਮਨੁੱਖ ਦੀ ਰੂਹ ਖ਼ਤਰੇ ਵਿਚ ਹੈ (ਗਲਾਤੀਆਂ 1:6-9)। [6]ਖ਼ਿਆਲੀ ਕਹਾਣੀ (ਯੂ.: *muthos*)-''ਕਾਢ, ਝੂਠ'' (ਥੇਅਰ, 419)। [7]ਸਵਾਲ (ਯੂ.: *ekzetesis*)-''ਜਾਂਚ ... ਬਰੀਕੀ ਨਾਲ ਜਾਂਚ ... ਛਾਣਬੀਨ ਕਰਨਾ'' (ਥੇਅਰ, 195)। [8]ਕਾਲ (ਯੂ.: *oikonomos*)-''ਪ੍ਰਬੰਧ'' (ਥੇਅਰ, 440-41)। [9]ਵਿਸ਼ਵਾਸ ਵਿਚ (ਯੂ.: *en pistei*)-ਖ਼ੁਦਾ ਦੀ ਵਿਵਸਥਾ ਜਾਂ ਪ੍ਰਬੰਧ ਦੇ ਵਸੀਲੇ ਦੇ ਤੌਰ ਤੇ ਇੱਥੇ ਵਿਸ਼ਵਾਸ ਹੂ-ਬਹੂ ਸੰਪਰਦਾਨ ਕਾਰਕ ਹੈ। (ਐਚ. ਈ. ਡੈਨਾ ਐਂਡ ਜੇ. ਆਰ. ਮੈਂਟੇ, *ਏ ਮੈਨੂਅਲ ਗ੍ਰਾਮਰ ਆਫ਼ ਦ ਗ੍ਰੀਕ ਨਿਊ ਟੈਸਟਾਮੈਂਟ* [ਨਿਊ ਯਾਰਕ: ਮੈਕਮਿਲਨ ਕੰ., 1948], 84)। [10]ਖੁੰਝਣਾ (ਯੂ.: *astocheo*)-''ਨਿਸ਼ਾਨੇ ਤੋਂ ਖੁੰਝਣਾ ... ਗ਼ਲਤੀ ਕਰਨਾ'' (ਐਡਵਰਡ ਰੋਬਿਨੰਸਨ, *ਏ ਗ੍ਰੀਕ ਐਂਡ ਇੰਗਲਿਸ਼ ਲੈਕਸਿਕਨ ਆਫ਼ ਦ ਨਿਊ ਟੈਸਟਾਮੈਂਟ* [ਨਿਊ ਯਾਰਕ: ਹਾਰਪਰ ਐਂਡ ਬ੍ਰਦਰਜ਼, 1863], 103)।

[11]ਬਕਵਾਸ (ਯੂ.: *mataiologia*)-''... ਫ਼ਜ਼ੂਲ ਝਗੜਾ'' (ਰੋਬਿਨਸਨ, 446)। ਟਾਈਟਸ ਨੇ *mataiologos* ਦੇ ਰੂਪ ਦਾ ਇਸਤੇਮਾਲ ਕੀਤਾ। [12]ਰੋਬਿਨਸਨ, 446. [13]ਥੇਅਰ, 392. [14]ਪੱਕਾ ਦਾਅਵਾ (ਯੂ.: *diabebaioomai*)-''... ਮਜ਼ਬੂਤ ਕਰਨਾ; ਇਸ ਲਈ ਮਜ਼ਬੂਤੀ ਨਾਲ ਦਾਅਵਾ ਕਰਨਾ'' (ਰੋਬਿਨਸਨ, 168)। [15]ਵਿਲੀਅਮ ਬਾਰਕਲੇ, *ਦ ਲੈਟਰਜ਼ ਟੂ ਤਿਮੋਥੀ, ਟਾਈਟਸ ਐਂਡ ਫ਼ਿਲੇਮਨ,* ਦ ਡੇਲੀ ਸਟਡੀ ਬਾਈਬਲ ਸੀਰੀਜ਼, ਸੋਧਿਆ ਅੰਕ (ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈਸ, 1960), 36-37. [16]ਖਰੀ (ਯੂ.: *hugaino*)-''ਗੁਣਕਾਰੀ, ਚੰਗੀ, ... ਮਜ਼ਬੂਤ, ਸ਼ੁੱਧ, ਮਸੀਹੀ ਸਿੱਖਿਆ ਅਤੇ ਜੀਵਨ ਸਬੰਧੀ ਸਹੀ ...ਨਿਰੋਲ'' (ਰੋਬਿਨਸਨ 736)। [17]ਕੁਧਰਮੀ (ਯੂ.: *anomos*)-''ਗ਼ੈਰ ਕੌਮਾਂ ਲਈ ਵਰਤਿਆ ਜਾਣ ਵਾਲਾ ਸ਼ਬਦ, 1 ਕੁਰਿੰਥੀਆਂ 9:21, 'ਦੁਸ਼ਟਤਾ' '' ਹੋਵੇ ਜਾਂ ਨਾ (ਥੇਅਰ, 48)। [18]ਢੀਠ; ਅਣਆਗਿਆਕਾਰ (ਯੂ.: *anupotaktos*)-''ਕਾਬੂ ਵਿਚ ਨਾ ਰਹਿਣ ਵਾਲੇ ... ਬੇਲਗ਼ਾਮ, ਬਾਗ਼ੀ (ਥੇਅਰ, 52)। [19]ਕੁਧਰਮੀ (ਯੂ.: *asebes*)-''ਖ਼ੁਦਾ ਪ੍ਰਤੀ ਪਵਿੱਤਰਤਾਈ ਦੇ ਖ਼ੌਫ਼ ਤੋਂ ਰਹਿਤ ... ਨਾਸਤਿਕ'' (ਥੇਅਰ, 79)। [20]ਪਾਪੀ (ਯੂ.: *amartolos*)-''ਪਾਪ ਨੂੰ ਸਮਰਪਿਤ ... ਪਾਪ ਵਿਚ ਡੁੱਬਿਆ ਹੋਇਆ, ਖ਼ਾਸ ਤੌਰ ਤੇ ਦੁਸ਼ਟ'' (ਥੇਅਰ, 31)।

[21]ਅਸ਼ੁੱਧ, ਅਪਵਿੱਤਰ (ਯੂ.: *anosios*)-''... ਦੁਸ਼ਟ ... ਨਾਪਾਕ ਅਸਹਿਮਤੀ ... ਭਿਆਨਕ ਅਤੇ ਦੁਸ਼ਟ ਸਤਾਅ'' (ਵਾਲਟਰ ਬਾਊਰ, *ਏ ਗ੍ਰੀਕ–ਇੰਗਲਿਸ਼ ਲੈਕਸ਼ਿਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ*

*ਅਰਲੀ ਕ੍ਰਿਸਚਿਅਨ ਲਿਟਰੇਚਰ,* ਦੂਜੀ ਜਿਲਦ, ਸੋਧ. ਵਿਲਿਅਮ ਐੱਫ਼ ਅਰੰਡਟ ਐਂਡ ਐਫ਼ ਵਿਲਬਰ ਗਿੰਗਰਿਕ [ਸ਼ਿਕਾਗੋ: ਯੂਨੀਵਰਸਟੀ ਆਫ਼ ਸ਼ਿਕਾਗੋ ਪ੍ਰੈਸ, 1957], 71-72)। [22]ਹਰਾਮਕਾਰ (ਯੂ.: *pornos*)-''ਆਪਣਾ ਜਿਸਮ ਦੂਜੇ ਦੀ ਵਾਸਨਾ ਮਿਟਾਉਣ ਲਈ ਭਾੜੇ ਤੇ ਦੇਣ ਵਾਲਾ ਆਦਮੀ, ਮਰਦ ਵੇਸਵਾ ... ਗ਼ੈਰ ਕੁਦਰਤੀ ਜਾਂ ਨਜਾਇਜ਼ ਜਿਸਮਾਨੀ ਰਿਸ਼ਤਾ ਬਨਾਉਣ ਵਾਲਾ ਆਦਮੀ, ਵਿਭਚਾਰੀ'' (ਥੇਅਰ, 532)। [23]ਮੁੰਡੇਬਾਜ਼ (ਯੂ.: *arsenokoites*)-''*arsen* = ਮਰਦ; *koite* = बिसतर; ਜੋ ਮਰਦ ਨਾਲ ਇਵੇਂ ਲੇਟਦਾ ਹੈ ਜਿਵੇਂ ਔਰਤ ਨਾਲ, ਬਦਫੈਲੀ ਕਰਨ ਵਾਲਾ (ਥੇਅਰ, 75)।[24]ਮਨੁੱਖ ਦਾ ਚੁਰਾਉਣ ਵਾਲਾ (ਯੂ.: *andrapodistes*)-''ਗ਼ੁਲਾਮਾਂ ਦੀ ਖ਼ਰੀਦ ਫ਼ਰੋਖ਼ਤ ਕਰਨ ਵਾਲਾ, ਅਗਵਾ ਕਰਨ ਵਾਲਾ ... ਜੋ ਅਜ਼ਾਦ ਲੋਕਾਂ ਨੂੰ ਗ਼ੁਲਾਮ ਬਣਾ ਦਿੰਦਾ ਹੈ, ... ਜੋ ਦੂਜਿਆਂ ਦੇ ਗੁਲਾਮਾਂ ਨੂੰ ਚੋਰੀ ਕਰਕੇ ਉਨ੍ਹਾਂ ਨੂੰ ਵੇਚ ਦਿੰਦਾ ਹੈ'' (ਥੇਅਰ, 43)। [25]ਝੂਠਾ (ਯੂ.: *pseustes*)-''ਝੂਠਾ, ਝੂਠ ਬੋਲਣ ਵਾਲਾ, ਦਗ਼ਾਬਾਜ਼, ... ਝੂਠੀ ਸਿੱਖਿਆ ਦੇਣ ਵਾਲਾ, ਫ਼ਰੇਬੀ ... ਜੋ ਖ਼ੁਦਾ ਨਾਲ ਈਮਾਨਦਾਰ ਨਹੀਂ ਹੈ, ਈਮਾਨ ਤੋਂ ਫਿਰ ਜਾਣ ਵਾਲਾ, ਦੁਸ਼ਟ ਆਦਮੀ, ਰੋਮੀਆਂ 3:4'' (ਰੋਬਿਨਸਨ, 792)। [26]ਝੂਠੀ ਸੌਂਹ ਖਾਣ ਵਾਲਾ (ਯੂ.: *epiorkos*)-''ਝੂਠੀ ਸੌਂਹ ਖਾਣ ਬਾਰੇ ... ਝੂਠੀ ਸੌਂਹ ਖਾਣ ਵਾਲਾ'' (ਜੀ ਐਬਟ-ਸਮਿੱਥ, *ਏ ਮੈਨੁਅਲ ਗ੍ਰੀਕ ਲੈਕਸਿਕਨ ਆਫ਼ ਦ ਨਿਊ ਟੈਸਟਾਮੈਂਟ* [ਐਡਨਬਰਗ, ਸਕਾਟਲੈਂਡ: ਟੀ. ਐਂਡ ਟੀ. ਕਲਾਰਕ, 1948], 172)। [27]ਇਕ ਖ਼ੂਬਸੂਰਤ, ਤਕਨੀਕੀ ਗੱਲ ਹੈ ਕਿ ਇਸ ਭਰੋਸੇ ਲਈ ਯੂਨਾਨੀ ਸ਼ਬਦ ਕਰਮਵਾਚ (*epistuthen*) ਹੈ ਜੋ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਇਹ ਪੌਲੁਸ ਤੇ ਕੀਤਾ ਗਿਆ ਸੀ; ਉਸ ਨੇ ਇਸ ਨੂੰ ਕਮਾਇਆ ਜਾਂ ਇਸ ਦਾ ਹੱਕ ਨਹੀਂ ਪਾਇਆ। ਖ਼ੁਦਾ ਦੇ ਫ਼ਜ਼ਲ ਨੇ ਪੌਲੁਸ ਨੂੰ ਇਹ ਚੰਗੀ ਸੇਵਾ ਦਿੱਤੀ ਸੀ। [28]ਫ਼ਾਇਦਾ (ਯੂ.: *charis*)-''ਜੋ ਦਿਆਲੂ, ਦਯਾ ਦੀ ਖੁਸ਼ੀ, ਅਨੰਦ, ਸੁਖ, ਸੁਖਦ ਅਹਿਸਾਸ ਦਿੰਦਾ ਹੈ, ਜਿਸ ਨੂੰ ਖ਼ੁਦਾ ਲੋਕਾਂ ਤੇ ਆਪਣਾ ਪਵਿੱਤਰ ਪ੍ਰਭਾਅ ਦਿੰਦਿਆਂ ਉਨ੍ਹਾਂ ਨੂੰ ਮਸੀਹ ਵਿਚ ਬਦਲਦਾ, ਕਾਇਮ ਰੱਖਦਾ, ਮਜ਼ਬੂਤ ਕਰਦਾ, ਉਨ੍ਹਾਂ ਨੂੰ ਮਸੀਹੀ ਵਿਸ਼ਵਾਸ, ਗਿਆਨ, ਪਿਆਰ ਵਿਚ ਵਧਾਉਂਦਾ ਅਤੇ ਉਨ੍ਹਾਂ ਨੂੰ ਮਸੀਹੀ ਗੁਣਾਂ ਦਾ ਅਮਲ ਕਰਨ ਲਈ ਰੌਸ਼ਨੀ ਦਿੰਦਾ ਹੈ'' (ਥੇਅਰ, 666)। [29]ਬੇਹਤਰ ਕਿਹੜਾ ਹੈ, ਸਤਾਉਣ ਵਾਲਾ ਜਾਂ ਸਤਾਇਆ ਜਾਣ ਵਾਲਾ? ਭਲਾ ਬੁਰਾਈ ਕਰਨ ਵਾਲਾ ਜਿੱਤ ਕੇ ਚੰਗਾ ਲਗਦਾ ਹੈ ਜਾਂ ਭਲਾਈ ਕਰਨ ਲਈ ਤਕਲੀਫ਼ ਸਹਿਣਾ ਤਾਂ ਜੋ ਬੁਰਿਆਈ ਨਾ ਹੋਵੇ? (ਵੇਖੋ 1 ਪਤਰਸ 3:15-18; 2:20-24; ਰੋਮੀਆਂ 12:20, 21.) [30]ਮਜ਼ਬੂਤੀ (ਯੂ.: *endunamoo*)-''ਮਜ਼ਬੂਤ ਬਣਾਉਣਾ'' (ਥੇਅਰ, 214)।

[31]ਵਫ਼ਾਦਾਰ ਜਾਣਨਾ (ਯੂ.: *hegeomai*)-''... ਆਗੂ ਬਣਨਾ, ਹਕੂਮਤ ਕਰਨਾ, ਹੁਕਮ, ਉੱਪਰ ਹੱਕ ਰੱਖਣਾ, ... ਪ੍ਰਭਾਵ ਦਾ ਸਨਮਾਨ ਕਰਨਾ, ਸਲਾਹ ਦੇ ਕੇ ਕਾਬੂ ਕਰਨਾ, ਕਿਸੇ ਨੂੰ ਬੇਹੱਦ ਵੱਧ ਮਾਣ ਦੇਣਾ, 1 ਥੱਸਲੁਨੀਕੀਆਂ 5:13'' (ਥੇਅਰ, 276)। [32]ਇਹ ਸ਼ਬਦ ਪ੍ਰਭੂ ਦੇ ਕੰਟਰੋਲ ਅਤੇ ਭਰੋਸੇ ਨੂੰ ਉਭਾਰਦਾ (ਗਲਾਤੀਆਂ 1:15-24) ਅਤੇ ਪੌਲੁਸ ਦੇ ਸਮਰਪਣ ਨੂੰ ਵਿਖਾਉਂਦਾ ਹੈ (ਰਸੂਲਾਂ ਦੇ ਕੰਮ 22:10)। ਇਨ੍ਹਾਂ ਤੱਥਾਂ ਕਰਕੇ ਇੰਜੀਲ ਦਾ ਪ੍ਰਚਾਰ ਹਲੀਮ ਹੋਣ ਦੇ ਨਾਲ ਮਜ਼ਬੂਤੀ ਅਤੇ ਦਿਲੇਰੀ ਨਾਲ ਸੰਤੁਲਿਤ ਰਹੇਗਾ (2 ਕੁਰਿੰਥੀਆਂ 3:12; 2 ਤਿਮੋਥਿਉਸ 4:17, 18)। ਕਾਸ਼ ਖ਼ੁਦਾ ਸਾਨੂੰ ਇੰਜੀਲ ਦੇ ਅਜਿਹੇ ਹੋਰ ਪ੍ਰਚਾਰਕ ਦਏ ਜੋ ''ਮੈਂ ਕਰਜ਼ਦਾਰ ਹਾਂ'' (ਰੋਮੀਆਂ 1:14; KJV) ਦਾ ਅਰਥ ਸਮਝ ਗਏ ਹੋਣ ਅਤੇ ਇਸ ਦੇ ਨਾਲ ਹੀ ਇਹ ਵੀ ਅਹਿਸਾਸ ਕਰਦੇ ਹੋਣ ਕਿ ''ਇਨ੍ਹਾਂ ਸਭਨਾਂ ਗੱਲਾਂ ਵਿਚ ਉਹਦੇ ਦੁਆਰਾ ਜਿਨੇ ਸਾਡੇ ਨਾਲ ਪ੍ਰੇਮ ਕੀਤਾ ਹੈ, ਹੱਦੋਂ ਵੱਧ ਫ਼ਤਹਿ ਪਾਉਂਦੇ ਹਾਂ'' (ਰੋਮੀਆਂ 8:35-39)। [33]ਨਿਯੁਕਤ ਕਰਨਾ (ਯੂ.: *themenas*)-''ਕਿਸੇ ਉਦੇਸ਼ ਨੂੰ ਪੂਰਾ ਕਰਨ ਲਈ ਠਹਿਰਾਉਣਾ, ਲਾਉਣਾ, ਰੱਖਣਾ ... ਯੋਜਨਾ ਬਨਾਉਣੀ'' (ਥੇਅਰ, 622-23)। ਮਧ ਸਵਰ ਕ੍ਰਿਦੰਤ ਦੀ ਵਰਤੋਂ ਇੱਥੇ ਜ਼ੋਰ ਦਿੰਦੀ ਹੈ ਕਿ ਖ਼ੁਦਾ ਸਾਡੀਆਂ ਜ਼ਿੰਦਗੀਆਂ ਵਿਚ ਕਿਵੇਂ ਕੰਮ ਕਰਦਾ ਹੈ (ਵੇਖੋ ਟਿੱਪਣੀ 33)। [34]ਪੌਲੁਸ ਦੀ ਵਾਕ ਰਚਨਾ ਵਿਚ ਇੱਥੇ ਤਿੰਨ ਵਿਆਪਕ ਤੱਥਾਂ ਦੇ ਜ਼ੋਰ ਦਿੱਤਾ ਗਿਆ ਹੈ: (1) ਇਹ ਕਿ ਸਾਡੇ ਲਈ ਪ੍ਰਭੂ ਨੇ ਮਨ ਵਿਚ ਇਕ ਉਦੇਸ਼ ਰੱਖਿਆ ਹੈ (ਵੇਖੋ ਯਿਰਮਿਯਾਹ 1:5; ਅਫ਼ਸੀਆਂ 1:3-7; ਗਲਾਤੀਆਂ 1:15-24); (2) ਖ਼ੁਦਾ ਸਾਨੂੰ ਆਪਣੀ ਸੇਵਾ ਵਿਚ ਰੱਖਦਾ (ਜਾਂ ਸਾਡੇ ਤੇ ਕੰਮ ਕਰਦਾ) ਹੈ; (3) ਕਿ ਉਹਦੀ ਇੱਛਾ ਪੂਰੀ ਕਰਨ ਦੀ ਇਜਾਜ਼ਤ ਦੇ ਕੇ ਉਹਦੇ ਉਪਾਹ ਵਿਚ ਸੇਵਾ ਕਰਦਿਆਂ ਸ਼ੁਕਰਗੁਜ਼ਾਰ ਹੋ ਕੇ ਉਹਦੇ ਵਿਚ ਭਰੋਸਾ ਰੱਖਣਾ ਚਾਹੀਦਾ ਹੈ (ਮੱਤੀ 26:38-44; 1 ਕੁਰਿੰਥੀਆਂ 12:18; 2 ਕੁਰਿੰਥੀਆਂ 2:14-17; ਫ਼ਿਲਿੱਪੀਆਂ 2:12, 13; ਅਫ਼ਸੀਆਂ 1:22, 23)। [35]ਹਮਲਾਵਰ (ਯੂ.: *hubristes*)-''ਹੁਕਮ ਨਾ ਮੰਨਣ ਵਾਲਾ, ਗੁਸਤਾਖ਼, ਨੁਕਸਾਨਦਾਇਕ'' (ਰੋਬਿਨਸਨ, 736); ''ਘਮੰਡ ਨਾਲ ਆਕੜਿਆ, ਜੋ ਦੂਜਿਆਂ ਤੇ ਜਾਂ ਤਾਂ ਬਤਮੀਜੀ ਵਾਲੀ ਭਾਸ਼ਾ ਦਾ ਜਾਂ ਕੋਈ ਸਰਮਨਾਕ ਗ਼ਲਤ ਕੰਮ ਕਰਦਾ ਹੈ'' (ਥੇਅਰ, 633-34)। ਪੌਲੁਸ ਨੂੰ ਉੱਤਮ ਆਤਮਾ ਮਿਲਿਆ ਸੀ ਜੋ ਉਸ ਦੀ ਮੰਨਣ ਵਾਲਿਆਂ ਤੋਂ ਤਕਲੀਫ਼ਦੇਹ ਸਮਰਪਣ ਦੀ ਮੰਗ ਕਰਦਾ ਸੀ। [36]ਇਹ ਸ਼ਬਦ

''ਸਬਰ'' (ਯੂ.: *makrothumia*)-ਧੀਰਜ, ਤਸੱਲੀ ਲਗਨ, ਮਜ਼ਬੂਤੀ, ਪੱਕੀ ਕੋਸ਼ਿਸ਼, ... ਜੋ ਮੁਸ਼ਕਿਲਾਂ ਅਤੇ ਤਕਲੀਫ਼ਾ ਨੂੰ ਸਹਿਣ ਵਿਚ ਵੇਖੀ ਜਾਂਦੀ ਹੈ ... ਬੁਰਾਈ ਦਾ ਬਦਲਾ ਲੈਣ ਵਿਚ ਮੱਠਾ ...''; ਨਾਉਂ ਰੂਪ *makrothumeo*-ਤੇ ਧਿਆਨ ਦਿਓ, ਹਿੰਮਤ ਵਾਲਾ ਹੋਣਾ, ਹੌਸਲਾ ਨਾ ਛੱਡਣਾ, ਦੂਜਿਆਂ ਦੀਆਂ ਸੱਟਾਂ ਅਤੇ ਤਕਲੀਫ਼ਾਂ ਸਹਿਣ ਵਿਚ ਧੀਰਜ ਕਰਨਾ; ਬਦਲਾ ਲੈਣ ਵਿਚ ਹਲੀਮ ਅਤੇ ਮੱਠਾ ਹੋਣਾ, ਗੁੱਸੇ ਵਿਚ ਮੱਠਾ, ਸਜ਼ਾ ਦੇਣ ਵਿਚ ਮੱਠਾ ਹੋਣਾ *[* ਥੇਅਰ, 387 *]* ਪਾਪੀਆਂ ਲਈ ਕਿੰਨਾ ਦਿਲ ਨੂੰ ਛੂ ਲੈਣ ਵਾਲਾ ਹੈ। [37]ਵਿਲਿਅਮ ਬਾਰਕਲੇ, *ਨਿਊ ਟੈਸਟਾਮੈਂਟ ਵਰਡ* (ਲੰਦਨ: SCM ਪ੍ਰੈਸ, 1964), 196-97. ਵੇਖੋ ਰੋਮਨਸ 12:19-21. [38]ਸਾਫ਼ ਅੰਤਹਕਰਨ (ਯੂ.: *suneidesis*)-''ਪਾਪਾਂ ਬਾਰੇ ਸੁਚੇਤ ਮਨ ... ਨੈਤਿਕ ਤੌਰ ਤੇ ਭਲੇ ਅਤੇ ਬੁਰੇ ਵਿਚ ਫ਼ਰਕ ਨੂੰ ਪਛਾਣਨ ਵਾਲਾ ਮਨ, ਜੋ ਭਲਾ ਕਰਨ ਲਈ ਕਾਹਲਾ ਪਰ ਬੁਰਾ ਕਰਨ ਤੋਂ ਦੂਰ ਰਹਿੰਦਾ ਹੈ, ਇਕ ਦੀ ਤਾਂ ਸਿਫ਼ਾਰਿਸ਼ ਕਰਦਾ ਹੈ, ਪਰ ਦੂਜੇ ਨੂੰ ਸਜ਼ਾ ਦਿੰਦਾ ਹੈ'' (ਥੇਅਰ, 602-3)। [39]''ਦੂਰ'' ਦੇ ਅਰਥ ਵਾਲਾ *apotheo* ਹੈ, ''ਧੱਕਣਾ, ਭਜਾਉਣਾ ... ਆਪਣੇ ਆਪ ਤੋਂ ਦੂਰ ਕੱਢਣਾ, ...'' (ਥੇਅਰ, 70) ਯੂਨਾਨੀ ਵਿਆਕਰਣੀ ਸੰਰਚਨਾ (*aposamenoi*) ਇਕ ਅਨਿਸਚਿਤ ਭੂਤਕਾਲ, ਮਧ ਕ੍ਰਿਦੰਤ ਹੈ। ਇਸ ਤੱਥ ਦਾ ਕਿ ਇਹ ਮਧ ਸਵਰ ਹੈ ਅਰਥ ਹੈ ਕਿ ਇਹ ਆਪੇ ਥੋਪਿਆ ਗਿਆ ਕੰਮ ਹੈ। *ਉਨ੍ਹਾਂ ਤੋਂ ਇਸ ਤਰ੍ਹਾਂ ਕਿਸੇ ਨੇ ਨਹੀਂ ਕਰਵਾਇਆ,* ਭਾਵੇਂ ਬਾਹਰੀ ਭਰਭਾਵ ਸ਼ਾਮਿਲ ਹੋ ਸਕਦੇ ਹਨ। ਖ਼ੁਦਾਈ ਫ਼ਰਮਾਨਾ ਦਾ ਐਲਾਨ ਕਰਨ ਦੀ ਆਪਣੀ ਨਾਕਾਮੀ ਲਈ ਭਾਈਆਂ, ਐਲਡਰਾਂ, ''ਸਮਿਆਂ'' ਤੇ ਇਲਜ਼ਾਮ ਲਾਉਣ ਵਾਲੇ ਪ੍ਰਚਾਰਕਾਂ ਨੂੰ ਧਿਆਨ ਦੇਣ ਦੀ ਲੋੜ ਹੈ ਕਿ ਇਨ੍ਹਾਂ ਮਾਮਲਿਆਂ ਵਿਚ ਖ਼ੁਦਾ ਦੀ ਪ੍ਰੇਰਣਾ ਨਾਲ ਲਿਖੀਆਂ ਗੱਲਾਂ ਆਦਮੀਆਂ ਤੇ ਹੀ ਇਲਜ਼ਾਮ ਲਾਉਂਦੀਆਂ ਹਨ। ਇਹ ਤੱਥ ਕਿ ਇਹ ਅਨਿਸਚਿਤ ਭੂਤਕਾਲ ਹੈ ਕਾਰਜ਼ ਦਾ ਸੰਕੇਤ ਦਿੰਦਾ ਹੈ। ਕਈ ਸਾਲਾਂ ਦੀ ਆਪਣੀ ਸਮਰਪਿਤ ਸੇਵਾ ਨਾਲ ਪਾਏ ਆਪਣੇ ਸਾਫ਼ ਅੰਤਹਕਰਣ ਜਾਂ ਵਿਸ਼ਵਾਸ ਨੂੰ ਮੂਰਖਤਾ ਦੇ ਇੱਕੋ ਕਾਰਨ ਨਾਲ ਸੁਟ ਸਕਦਾ ਹੈ! [40]ਜੇਸ਼ਨ ਮਾਇਕਲਸ, *ਦ ਦੇਵਿਲ ਇਜ਼ ਅਲਾਈਵ ਐਂਡ ਲੀਵਿੰਗ ਇਨ ਅਮੇਰਿਕਾ ਟੁਡੇ* (ਨਿਊ ਯਾਰਕ: ਅਵਾਰਡ ਬੁਕਸ, 1974), 25.

[41]ਇੱਥੇ ਇਕ ਉਦਾਹਰਣ ਹੈ ਕਿ ਪ੍ਰਚਾਰਕ ਕੁਫ਼ਰ ਦੇ ਦੋਸ਼ੀ ਹੋ ਸਕਦੇ ਹਨ। ਕਈਆਂ ਨੇ ਫਿਟਕਾਰਾਂ। ਗੁੱਝੀਆਂ ਸੱਟਾਂ, ਬਦਨਾਮੀ, ਛਾਪਾਂ ਅਤ ਬੇਬੁਨਿਆਦ ਇਲਜਾਮਾਂ ਦੀ ਪੈੜ ਛੱਡੀ ਹੈ। ਜਿਸ ਨਾਲ ਦੂਜਿਆਂ ਦੇ ਵੱਕਾਰ ਨੂੰ ਸੱਟ ਲੱਗ ਸਕਦੀ ਹੈ, ਅਤੇ ਉਹ ਉਸੇ ਇਲਜ਼ਾਮ ਦੇ ਦੋਸ਼ੀ ਠਹਿਰ ਸਕਦੇ ਹਨ। ਤੱਥਾਂ ਦੇ ਬਗ਼ੈਰ ਇਹ ਚਾਹੇ ਡਾਕਟ੍ਰਿਨ ਦੇ ਮੁੱਦਿਆਂ ਤੋਂ ਹਟਵਾਂ ਹੋਵੇ, ਜਾਂ ਸ਼ਖ਼ਸੀਅਤ ਤੇ ਹਮਲਿਆਂ ਬਾਰੇ, ਕੁਫ਼ਰ ਬੋਲਣ ਵਾਲੇ ਪ੍ਰਭੂ ਦੀ ਕਲੀਸੀਆ ਲਈ ਸ਼ਰਮ ਦੀ ਗੱਲ ਹੀ ਹਨ। [42]ਯੂਨਾਨੀ ਸ਼ਬਦ *paideuthosin* ਦਾ ਅਨੁਵਦ ''ਬਕਣ'' ਸੰਭਾਵੀ ਕਿਰਿਆਰਥ ਕਰਮਵਾਚ ਰੂਪ ਵਿਚ ਮਿਲਦਾ ਹੈ।